# ਧੂੜ ਉੱਡਦੀ ਰਹੀ

***ਪਾਤਰ***

ਜਿੰਦਾ
ਕੁੰਦਨ ਸਿੰਘ
ਭਗਤ
ਠੇਕੇਦਾਰ
ਬਾਬਾ
ਬਚਨ ਸਿੰਘ

# ਧੂੜ ਉੱਡਦੀ ਰਹੀ

(ਜਿੰਦਾ ਕੋਈ ਅਖ਼ਬਾਰ ਪੜ੍ਹ ਰਿਹਾ ਹੈ ਤੇ ਕੁੰਦਨ ਸਿੰਘ ਉਹਦਾ ਬਾਪੂ ਬਾਹਰੋ ਆਉਂਦਾ ਹੈ। ਆ ਕੇ ਜੁੱਤੀ ਝਾੜਦਾ ਹੈ। ਜਿੰਦੇ ਦਾ ਧਿਆਨ ਉਸ ਪਾਸੇ ਵੱਲ ਜਾਂਦਾ ਹੈ)

ਕੁੰਦਨ : ਲੈ ਫੇਰ ਅਖ਼ਬਾਰਾਂ ਇਸ਼ਤਿਹਾਰਾਂ ਦਾ ਚੱਕਰ (ਗੁਸੇ ਭਰੇ ਨੋਹਰੇ ਨਾਲ) ਪੁੱਤਰਾ ਮੈਨੂੰ ਤੇਰੇ ਇਹ ਲੀਡਰੀ ਵੀਡਰੀ ਦੇ ਚੱਕਰ ਚੰਗੇ ਨਹੀਂ ਲਗਦੇ।

ਜਿੰਦਾ : ਲੀਡਰੀ ਵੀਡਰੀ ਕਾਹਦੀ ਬਾਪੂ ਇਹ ਤਾਂ ਸਭਾ ਵਲੋਂ ਜਿਹੜੀ ਕਾਨਫਰੰਸ ਰੱਖੀ ਏ, ਉਹਦੀ ਤਿਆਰੀ ਹੋ ਰਹੀ ਏ।

ਕੁੰਦਨ : ਇਹ ਤੇਰੇ ਸਭਾ ਵਾਲੇ ਕੰਮ ਹੀ ਕਦੀ ਤੈਨੂੰ ਲੈ ਬੈਠਣਗੇ। ਅੱਗੇ ਉਹ ਠੇਕੇਦਾਰ ਬਚਨ ਸਿੰਘ ਉਲ੍ਹਾਮਾ ਦੇਂਦਾ ਸੀ।

ਜਿੰਦਾ : ਉਹਨੇ ਉਲਾਮੇ ਤਾਂ ਦੇਣੇ ਹੋਏ, ਉਹਦੀ ਆਪ ਹੁਦਰੀ ਜੋ ਨਾ ਚਲਦੀ ਹੈ।

ਕੁੰਦਨ : ਪਰ ਉਹਦੇ ਨਾਲ ਟੱਕਰ ਲੈ ਕੇ ਵੀ ਤਾਂ ਪਿੰਡ ਵਿਚ ਚੈਨ ਨਾਲ ਨਹੀਂ ਰਿਹਾ ਜਾ ਸਕਦਾ।

ਜਿੰਦਾ : ਕਿਉਂ ਉਹ ਇਥੇ ਖੁਦਾ ਲੱਗਿਆ ਹੋਇਆ ਏ ਕਿ ਉਹਦੇ ਬਿਨਾਂ ਪਿੰਡ ਦਾ ਕੰਮ ਨਹੀਂ ਚਲ ਸਕਦਾ।

ਕੁੰਦਨ : ਉਏ ਸਰਕਾਰੇ ਦਰਬਾਰੇ ਉਹਦੀ ਪਹੁੰਚ ਏ। ਥਾਣਾ ਉਹਦੇ ਆਖੇ ਲੱਗਦਾ ਏ। ਹੋਰ ਕਾਰਾ ਕਰਵਾ ਦੇਵੇਗਾ।

ਜਿੰਦਾ : ਬਾਪੂ ਤੁਹਾਡੀਆਂ ਏਸੇ ਗੱਲਾਂ ਨੇ ਉਹਨੂੰ ਸਿਰੇ ਚੜ੍ਹਾਇਆ ਹੋਇਆ ਏ, ਪਿੰਡ ਵਿਚ ਜੋ ਮਰਜ਼ੀ ਕਰਦਾ ਫਿਰੇ, ਉਹਨੂੰ ਕੋਈ ਪੁੱਛਦਾ ਨਹੀਂ–ਪੰਚੈਤ ਦਾ ਪੈਸਾ ਖੁਰਦ-ਬੁਰਦ ਕਰ ਜਾਵੇ, ਕੋਈ ਉਹਦੇ ਵਿਰੁੱਧ ਆਵਾਜ਼ ਨਹੀਂ ਉਠਾਉਂਦਾ।

ਕੁੰਦਨ : ਆਵਾਜ਼ ਉਠਾ ਕੇ ਕੀ ਬਣਦਾ ਏ। ਹਰ ਪਾਸੇ ਆਵਾ ਹੀ ਊਤਿਆ ਹੋਇਆ ਏ।

ਜਿੰਦਾ : ਇਹ ਆਵੇ ਨੂੰ ਹੀ ਸੂਤ ਕਰਨ ਲਈ ਬਾਪੂ ਕਾਨਫਰੰਸ ਰੱਖੀ ਏ।

ਕੁੰਦਨ : ਆਹ ਕਾਨਫਰੰਸ ਰੱਖੀ ਏ–ਜਿਵੇਂ ਤੁਹਾਡੀਆਂ ਕਾਨਫਰੰਸਾਂ ਨਾਲ ਹੀ ਦੁਨੀਆ ਚਲਦੀ ਪਈ ਏ–ਇਹ ਆਸਾਨ ਏ ਕਿ ਇਹ ਨਹੀਂ ਹੋਣਾ

ਚਾਹੀਦਾ, ਉਹ ਨਹੀਂ ਹੋਣਾ ਚਾਹੀਦਾ-ਪਰ ਹੋਣਾ ਕੀ ਚਾਹੀਦਾ ਇਹ ਕੋਈ ਨਹੀਂ ਕਰਾ ਸਕਦਾ-ਦਿੱਲੀ ਐਡੇ-ਐਡੇ ਦਿਮਾਗ ਬੈਠੇ ਨੇ, ਉਨ੍ਹਾਂ ਨੂੰ ਤੁਹਾਡੇ ਨਾਲੋਂ ਬਹੁਤ ਫ਼ਿਕਰ ਏ।

ਜਿੰਦਾ : ਆਹੋ ਬਾਪੂ ਉਨ੍ਹਾਂ ਦਿਮਾਗਾਂ ਨੇ 34 ਸਾਲ ਕਿਹੜੀ ਕੜੀ ਘੋਲੀ ਏ, ਉਹ ਸਭ ਦੇ ਸਾਹਮਣੇ ਏ।

ਕੁੰਦਨ : ਇਹੋ ਤਾਂ ਮੈਂ ਕਹਿੰਨਾ ਹਾਂ ਕਿ ਜੇਕਰ ਉਹ ਕੁਝ ਨਹੀਂ ਕਰ ਸਕੇ ਤਾਂ ਤੁਸੀਂ ਇਹ ਕੜੀਆਂ ਕਾਨਫਰੰਸਾਂ ਵਿਚ ਕੀ ਕਰ ਲਵੋਗੇ।

*(ਬਾਬਾ ਆਂਦਾ ਹੈ-ਬਾਹਰੋਂ ਹੀ ਬੁੜ ਬੁੜ ਕਰਦਾ ਆ ਰਿਹਾ ਹੈ)*

ਬਾਬਾ : ਕੋਈ ਬੰਦਾ ਚੱਜ ਦਾ ਕੰਮ ਨਹੀਂ ਕਰਦਾ, ਹਰ ਕੋਈ ਉਲਟਾ ਹੀ ਕੂੰਹਦਾ ਏ।

ਕੁੰਦਨ : ਕੀ ਹੋਇਆ ਤਾਇਆ...ਕਾਹਦੀ ਗੱਲ ਪਿਆ ਕਰਦਾ ਏ-

ਬਾਬਾ : ਆਪਣੇ ਮਾਸਟਰ ਰਾਜੂ ਦੀ। ਮੁੰਡਾ ਤਾਂ ਕੁੰਦਨ ਸਿੰਘ ਮੇਰਾ ਹੀ ਏ ਪਰ ਨਿਰਾ ਹੀ ਝੁੱਡੂ ਏ-ਨਿਰਾ ਵਹੁਟੀ ਦਾ ਗੋਲਾ।

ਕੁੰਦਨ : ਪਰ ਹੋਇਆ ਕੀ ਏ ਤਾਇਆ ?

ਬਾਬਾ : ਇਹ ਪੁਛ ਕੇ ਕੀ ਨਹੀਂ ਹੋਇਆ ? ਇਹ ਮਾਸਟਰ ਦੀ ਜਿਹੜੀ ਮਾਸਟਰਨੀ ਏ, ਜਦੋਂ ਦੀ ਇਸ ਘਰ ਵਿਚ ਆਈ ਏ, ਉਹਨੇ ਕਲੇਸ਼ ਪਾਇਆ ਏ-ਇਹ ਚਮੜੇ ਦੀ ਟਰੰਕੀ ਜਿਹੀ ਕਿਹੀ ਲੈ ਆਈ ਏ-ਕਦੀ ਉਨ੍ਹਾਂ ਨੂੰ ਕਿਸੇ ਅਲਮਾਰੀ ਵਿਚ ਵੜਦੀ ਏ ਤੇ ਕਦੇ ਕਿਸੇ ਅਲਮਾਰੀ ਵਿਚ ਸਭ ਸੁੱਸਰੀ ਵਾਂਗ ਸੌਂ ਗਏ, ਲੁੱਚਾ ਲੰਡਾ ਜੋ ਮਰਜ਼ੀ ਪਿਆ ਕਰੇ, ਕੋਈ ਆਵਾਜ਼ ਚੁੱਕਣ ਵਾਲਾ ਨਹੀਂ-ਮੇਰੇ ਮਾਸਟਰ ਰਾਜੂ ਵਾਂਗ ਸਮੇਂ ਵਹੁਟੀਆਂ ਦੀਆਂ ਬੁੱਕਲਾਂ ਵਿਚ ਹੀ ਵੜੇ ਹੋਏ-ਸ਼ਾਬਾਸ਼ੇ ਏ ਹੁਣ ਇਨ੍ਹਾਂ ਮੁੰਡਿਆਂ ਦੀ, ਜਿੰਨ੍ਹਾਂ ਨੇ ਇਕ ਵਾਰੀ ਫੇਰ ਚੰਗੇ ਕੰਮਾਂ ਲਈ ਬੀੜਾ ਚੁਕਿਆ ਏ-ਬਾਕੀ ਠੇਕੇਦਾਰ ਬਚਨ ਸਿੰਘ-ਇਹ ਕੋਈ ਚੰਗਾ ਬੰਦਾ ਏ ? ਇਹਦਾ ਪਿਉ ਚੰਗਾ ਨਹੀਂ ਸੀ ? ਇਹਨੇ ਕਿਥੋਂ ਹੋਣਾ ਏ ? ਉਹ ਅੰਗਰੇਜ਼ਾਂ ਦਾ ਝੋਲੀ ਚੁੱਕ ਸੀ ਤੇ ਇਹ ਸਰਕਾਰ ਦਾ-ਇਹ ਤਾਂ ਖਾਨਦਾਨੀ ਹੀ ਤੁਰਿਆ ਆਉਂਦਾ ਏ-ਪੁੱਤਰਾ ਮੇਰੇ ਕੋਲੋਂ ਕਾਨਫਰੰਸ ਲਈ ਚੰਦਾ ਲੈਣਾ ਤੇ ਮੇਰੇ ਮਾਸਟਰ ਨੂੰ ਵੀ ਕੁਝ ਸਮਝਾਣਾ-ਨਿਰਾ ਵਹੁਟੀਆਂ ਮਗਰ ਲਗ ਕੇ ਕਦੀ ਨਹੀਂ ਕੁਝ ਲੱਭਦਾ।

ਜਿੰਦਾ : ਅੱਛਾ ਤਾਇਆ ਜੀ, ਤੇ ਬਾਪੂ ਮੈਨੂੰ ਰਾਤੀਂ ਦੇਰ ਹੋ ਜਾਏਗੀ-ਤੂੰ ਮੈਨੂੰ ਉਡੀਕੀ ਨਾ।

ਕੁੰਦਨ : ਹੁਣ ਚਲਿਆ ਕਿੱਥੇ ਏਂ ?

ਜਿੰਦਾ : ਕਿਤੇ ਨਹੀਂ ਬਾਪੂ, ਮੁੰਡਿਆਂ ਦਾ ਇਕੱਠ ਕੀਤਾ ਹੈ।

ਕੁੰਦਨ : ਤੁਹਾਡੇ ਇਨ੍ਹਾਂ ਇਕੱਠਾ ਨੇ ਮਾਰ ਲੈਣਾ ਏ।

*(ਜਿੰਦਾ ਚਲਾ ਜਾਂਦਾ ਹੈ)*

ਬਾਬਾ : ਲੈ ਇਕ ਇਹ ਜਿੰਦਾ ਏ ਤੇ ਇਕ ਮੇਰਾ ਮਾਸਟਰ ਰਾਜੂ-ਕੁੰਦਨ ਸਿੰਘ ਆਪਣਾ ਜਿੰਦਾ ਹੁਣ ਪੜ੍ਹਦਾ ਕਿਨਵੀ 'ਚ ਏਂ ?

ਕੁੰਦਨ : ਤਾਇਆ ਚੜ੍ਹਿਆ ਤਾਂ ਹੁਣ ਚੌਦਵੀ ਜਮਾਤੇ ਏ, ਪਰ ਹੁਣ ਉਠਾਉਣਾ ਪੈਣਾ ਏ, ਖ਼ਰਚ ਪੱਠਾ ਈ ਨਹੀਂ ਝੱਲ ਹੁੰਦਾ-ਤੈਨੂੰ ਤਾਂ ਸਾਰਾ ਪਤਾ ਹੀ ਏ, ਸਾਉਣੀ ਉਏ ਮਾਰੀ ਗਈ ਹੜ੍ਹਾਂ 'ਚ ਤੇ ਹਾੜ੍ਹੀ ਬੀਜ ਨਹੀਂ ਹੋਈ, ਫੀਸਾਂ ਕਿਤਾਬਾਂ ਹੀ ਸਿਰ 'ਤੇ ਕੂਕਦੀਆਂ ਰਹਿੰਦੀਆਂ ਨੇ।

ਬਾਬਾ : ਨਾ ਕੁੰਦਨ ਸਿੰਘ, ਇਹ ਵੈਰ ਨਾ ਕਮਾਈਂ ਉਹਦੇ ਨਾਲ, ਲੋਕ ਕੀ ਕਹਿਣਗੇ, ਇਕੋ ਇਕ ਟਿੰਗ ਜਿਹੀ ਸੀ, ਉਹਦਾ ਵੀ ਕੁਝ ਨਾ ਬਣਾਇਆ। ਬਾਕੀ ਮੁਸੀਬਤਾਂ ਤਾਂ ਬੰਦੇ ਤੇ ਆਉਂਦੀਆਂ ਹੀ ਰਹਿੰਦੀਆਂ ਨੇ ਵੇਖ ਮੇਰੀ ਧੀ, ਤੇਰੀ ਭੈਣ ਨੇ ਕਿੰਨੇ ਜ਼ਫ਼ਰ ਜਾਲੇ ਨੇ ਪਰ ਸ਼ੇਰ ਦੀ ਬੱਚੀ ਨੇ ਇਕ ਨੀ ਦਿਲ ਤੇ ਲਾਈ ਵਿਆਹਿਆ ਹਾਲੇ ਦੋ ਵਰ੍ਹੇ ਨਹੀਂ ਸਨ ਹੋਏ ਕਿ ਵਰ੍ਹੇ ਦੀ ਨਿੱਕੀ ਕੁੱਛੜ ਉਹਦੇ ਛੱਡ ਸਿਰ ਦਾ ਸਾਈਂ ਚਲਾ ਗਿਆ, ਪਰ ਪਿਉ ਦੀ ਧੀ ਕਿਸੇ ਦੇ ਅਜੀ ਨਹੀਂ ਹੋਈ-ਆਪਣੇ ਪੈਰਾਂ 'ਤੇ ਖਲੋਤੀ ਤੇ ਛਿੰਦੋ ਵੀ ਹੁਣ ਹਾਈ ਸਕੂਲ ਵਿਚ ਪੜ੍ਹਣ ਜੋਗੀ ਹੋ ਗਈ ਆ।

ਕੁੰਦਨ : ਆਹੋ ਤਾਇਆ ਕੱਲ੍ਹ ਮਿਲੀ ਸੀ, ਮਰ ਜਾਣੀ ਕਿੰਨੀ ਵੱਡੀ ਹੋ ਗਈ ਏ, ਜਿੰਦੇ ਨਾਲ ਉਹਦਾ ਬਹੁਤ ਮੋਹ ਸੀ ਨਿੱਕੇ ਹੁੰਦਿਆਂ ਬਸੰਤੀ ਦੀ ਗੱਲ ਕਰਦੀ ਸੀ ਕਿ ਮਾਮੀ ਜੀ ਦੇ ਜਾਣ ਦਾ ਬੜਾ ਅਫ਼ਸੋਸ ਹੋਇਆ ਏ।

ਬਾਬਾ : ਅੱਛਾ ਇਹ ਕਹਿੰਦੀ ਸੀ, ਹੈਤਾਂ ਛੋਟੀ ਉਮਰ ਦੀ ਪਰ ਸਿਆਣੀ ਬਹੁਤ ਏ-ਪਰ ਤੂੰ ਜਿੰਦੇ ਨੂੰ ਕਾਲਜ ਤੋਂ ਨਾ ਉਠਾਈ, ਕੱਲ੍ਹ ਪਰੇ ਵਿਚ ਗੱਲ ਪਈ ਹੁੰਦੀ ਸੀ ਕਿ ਜਿੰਦਾ ਪਿੰਡ ਦਾ ਸ਼ਿੰਗਾਰ ਏ, ਸਾਰੇ ਬਾਹਲੇ ਵਿਚੋਂ ਅਵਲ ਆਇਆ ਏ।

ਕੁੰਦਨ : ਪਰ ਤਾਇਆ ਤੂੰ ਕਿਧਰੋਂ ਆਇਆ ਏ ?

ਬਾਬਾ : ਚੌਧਰੀਆਂ ਦੇ ਗਿਆ ਸਾਂ, ਬਾਰ ਖੁੱਲ੍ਹਾ ਵੇਖ ਕੇ ਆ ਗਿਆ, ਬਸੰਤੀ ਮੇਰੀ ਨੂੰਹ ਵੀ ਗਈ ਏ। ਘਰ ਦਾ ਬਾਰ ਵੀ ਬੰਦ ਹੋ ਗਿਆ ਏ, ਲੰਘਦਾ ਹਾਂ ਤਾਂ ਬੰਦ ਹੀ ਪਿਆ ਹੁੰਦਾ ਏ।

ਕੁੰਦਨ : ਤਾਇਆ ਬੂਹਾ ਖੁਲ੍ਹਾ ਕਿਵੇਂ ਰੱਖੀਏ, ਤੈਨੂੰ ਤੇ ਪਤਾ ਏ ਮੈਂ ਖੇਤ ਰਹਿੰਦਾ

ਹਾਂ ਤੇ ਜਿੰਦੇ ਨੂੰ ਪੜ੍ਹਾਈ ਅਤੇ ਹੋਰ ਕੰਮਾਂ ਤੋਂ ਵਿਹਲ ਨਹੀਂ। ਹਾਂ ਚੌਧਰੀਆਂ ਦੇ ਗਿਆ ਸੀ, ਕੀ ਹਾਲ ਏ ਵੱਡੇ ਚੌਧਰੀ ਦਾ ?

ਬਾਬਾ : ਬਸ ਹੁਣ ਤਾਂ ਦੋ ਦਿਨ ਦਾ ਪ੍ਰਾਹੁਣਾ ਹੀ ਏ-ਮਾੜੀ ਹੀ ਹਾਲਤ ਏ, ਧੀ ਪੁੱਤ ਕੋਈ ਕੋਲ ਨਹੀਂ ਉਹਦੀ ਸੇਵਾ ਕਰੇ-ਬੁੱਢਿਆਂ ਦਾ ਕੁੰਦਨ ਸਿੰਘ ਬੜਾ ਭੈੜਾ ਹਾਲ ਏ।

ਤਾਇਆ : ਇਹ ਤਾਂ ਕਹਿੰਦੇ ਨੇ ਭੈੜੇ ਮੁਲਕਾਂ ਦਾ ਰਿਵਾਜ ਏ ਜਿਥੇ ਬੁੱਢਿਆਂ ਨੂੰ ਧੀਆਂ ਪੁੱਤਾਂ ਦਾ ਮੁਥਾਜ ਹੋਣਾ ਪੈਂਦਾ ਏ ? ਜਿੰਦਾ ਕਹਿੰਦਾ ਸੀ, ਜਿਹੜੇ ਮੁਲਕਾਂ ਵਿਚ ਇਨਕਲਾਬ ਆ ਗਿਆ ਏ, ਉਥੇ ਬੁੱਢਿਆਂ ਦੀ ਸੇਵਾ ਦੀ ਜੁੰਮੇਵਾਰੀ ਸਰਕਾਰ ਆਪ ਈ ਲੈਂਦੀ ਏ। ਸਾਡੀ ਸਰਕਾਰ ਨੂੰ ਵੀ ਚਾਹੀਦੈ ਕਿ ਇਹਦਾ ਕੋਈ ਇੰਤਜਾਮ ਕਰੇ।

ਬਾਬਾ : ਇਥੇ ਕੁੰਦਨ ਸਿੰਘ ਸਰਕਾਰ ਕੋਲੋਂ ਜਵਾਨਾਂ ਦੀ ਸੇਵਾ ਹੁੰਦੀ ਨਹੀਂ, ਬੁੱਢੇ ਠੇਰਿਆਂ ਨੂੰ ਦੀ ਕੋਈ ਕੀ ਕਰੇ-ਹਾਂ ਪੁੱਤਰਾ ਜਿੰਦੇ ਨੂੰ ਪੜਣੋ ਨਾ ਉਠਾਈ। ਸਦਾ ਬੰਦੇ ਦੇ ਇਕੋ ਦਿਨ ਤਾਂ ਨਹੀਂ ਰਹਿੰਦੇ।

ਕੁੰਦਨ : ਉਹ ਤਾਂ ਮੈਂ ਵੀ ਜਾਣਦਾਂ ਤਾਇਆ ਜੀ, ਜੇ ਸਦਾ ਇਕੋ ਦਿਨ ਰਹਿੰਦੇ ਤਾਂ ਫੇਰ ਆਹ ਦਿਨ ਕਿੰਨੇ ਵੇਖਣੇ ਸੀ ਰੁੱਖੀ ਮਿੱਸੀ ਖਾ ਕੇ ਇਹ ਵੀ ਦਿਨ ਬੀਤ ਜਾਣਗੇ।

*(ਭਗਤ ਆਂਦਾ ਹੈ ਕਮਲਾ ਜਿਹਾ ਪਾਤਰ ਹੈ)*

ਭਗਤ : ਜੇ ਰੁੱਖੀ ਸੁੱਖੀ ਨਾ ਮਿਲੇ ਤਾਂ ਫੇਰ ?

ਬਾਬਾ : ਲੈ ਸੁਣ ਲੈ ਇਹਦੀ ਗੱਲ, ਉਏ ਭਗਤਾ ਤੂੰ ਫ਼ਿਕਰ ਨਾ ਕਰ, ਤੈਨੂੰ ਤਾਂ ਚੋਪੜੀ ਵੀ ਮਿਲਦੀ ਰਵੇਗੀ।

ਭਗਤ : ਕਿਉਂ ਮੈਨੂੰ ਕਿਉਂ ਮਿਲਦੀ ਰਹੇਗੀ ? ਜੇ ਦੂਜਿਆਂ ਨੂੰ ਨਹੀਂ ਮਿਲੇਗੀ ਤਾਂ ਮੈਨੂੰ ਵੀ ਨਹੀਂ ਮਿਲੇਗੀ, ਜੇ ਮਿਲੇਗੀ ਵੀ ਤਾਂ ਵੀ ਮੈਂ ਨਹੀਂ ਖਾਵਾਂਗਾ ਮੈਨੂੰ ਉਹ ਠੇਕੇਦਾਰ ਵੱਡਾ ਗਠ ਕਹਿਣ ਲੱਗਾ, ਰੋਟੀ ਖਾ ਲੈ-ਮੈਂ ਆਖਿਆ ਮੈਂ ਜੂਠੀ ਕਿਉਂ ਖਾਵਾਂ ਵੱਡਾ ਸਰਦਾਰ ਬਣਿਆ ਫਿਰਦਾ ਐ-ਮੈਂ ਨਹੀਂ ਖਾਵਾਂਗਾ। ਬਾਈ, ਤੇਰੇ ਕੋਲ ਜੇ ਲੱਸੀ ਹੈਗੀ ਏ ਨਾ, ਬਸ ਪਿਆ ਦੇ, ਬਸੰਤੀ ਭਾਬੀ ਹਮੇਸ਼ਾ ਪਿਆਉਂਦੀ ਹੁੰਦੀ ਸੀ।

ਕੁੰਦਨ : ਭਗਤਾ ਅੱਜ ਠੇਕੇਦਾਰ ਦੇ ਹੀ ਪੀ ਆਉਣੀ ਸੀ।

ਭਗਤ : ਨਹੀਂ ਪੀਊਂਗਾ, ਪੀਊਂਗਾ ਤਾਂ ਇਥੋਂ ਪੀਊਂਗਾ ਪਰ ਮੂੰਤੂਗਾ ਜਾ ਕੇ ਉਹਦੀ ਕੰਧ ਉਹਲੇ,ਪਤੰਦਰ ਕੀ ਯਾਦ ਕਰੇਗਾ।

ਬਾਬਾ : ਉਹ ਭਗਤਾ ਠੇਕੇਦਾਰ ਨੇ ਤੈਨੂੰ ਕੀ ਆਖਿਆ ਏ, ਜੋ ਐਵੇਂ ਅਵਾ ਤਵਾ ਬੋਲਣਾ ਏ।

ਭਗਤ : ਮੈਨੂੰ ਕੌਣ ਜੰਮਿਆ ਏ ਅਵਾ ਤਵਾ ਆਖਣ ਵਾਲਾ ? ਪਰ ਲੋਕਾਂ ਨੂੰ ਕਿਉਂ ਆਖਦਾ ਏ, ਮੁੰਡੇ ਕਹਿੰਦੇ ਨੇ ਗੁਰਦੁਵਾਰੇ ਦੇ ਵਰਾਂਡੇ ਵਾਲੇਕਮਰੇ 'ਚ ਲੈਬਰੇਰੀ ਬਣਾਉਣੀ ਏ, ਕਹਿੰਦਾ ਮੈਂ ਨਹੀਂ ਬਣਨ ਦੇਣਾ, ਇਥੇ ਕੰਜਰਖਾਨਾ।

ਕੁੰਦਨ : ਕੰਜਰਖਾਨਾ ?

ਭਗਤ : ਅਖੇ ਮੁੰਡੇ ਖਰੂਦ ਕਰਨਗੇ, ਆਪ ਜਦੋਂ ਪੀ ਕੇ ਗੁਰਦੁਵਾਰੇ ਆਉਂਦਾ ਏ, ਜਿਵੇਂ ਸੁਖਮਨੀ ਪੜ੍ਹਣ ਆਉਂਦਾ ਏ, ਮੈਂ ਉਸ ਨੂੰ ਆਖਿਆ ਕੁਝ ਨਹੀਂ ਤੇ ਮੇਰੇ ਵੱਟਾ ਕੱਢ ਮਾਰਿਐ।

ਬਾਬਾ : ਕਿੰਨੇ ਮਾਰਿਐ ?

ਭਗਤ : ਠੇਕੇਦਾਰ ਦੇ ਮੁੰਡੇ ਲਾਲ ਜੀ ਨੇ, ਵੱਟਾ ਵੀ ਮਾਰਿਆ ਤੇ ਗਾਲ੍ਹਾਂ ਵੀ ਕੱਢੀਐ। ਵੇਖੋ ਬਾਬਾ ਜੀ ਇਹ ਲਹੂ ਵੀ ਵਗਦਾ ਪਿਆ ਏ।

ਬਾਬਾ : ਉਹ ਉਹਦਾ ਕੱਖ ਨਾ ਰਹੇ, ਜਿਹੜਾ ਇਸ ਤਰ੍ਹਾਂ ਗਰੀਬਾਂ ਤੇ ਹੱਥ ਚੁੱਕਦਾ ਏ-ਇਕ ਵਾਰੀ ਆ ਲਵੇ ਉਹਨੂੰ ਪੁਛਦਾ ਵਾ।

ਭਗਤ : ਲੈ ਆ ਗਿਆ ਵੱਡਾ ਗਠ, ਅਖੇ ਹਮ ਠੇਕੇਦਾਰ ਹਾਂ।

*(ਠੇਕੇਦਾਰ ਆਉਂਦਾ ਹੈ)*

ਠੇਕੇਦਾਰ : ਕੀ ਗੱਲ ਏ ਜਥੇਦਾਰਾ, ਕਿਹਦੇ ਤੇ ਗੁਸਾ ਪਿਆ ਕਢਦਾ ਏ ?

ਬਾਬਾ : ਬਚਨ ਸਿੰਘ ਲਾਡ ਪਿਆਰ ਰਾਹ ਰਿਵਾਜ ਦਾ ਹੁੰਦਾ ਏ-ਇਹ ਤੇਰਾ ਲਾਲ ਜੀ ਵਿਗੜੀ ਜਾਂਦਾ ਏ। ਦੇਖ ਕਿਸ ਤਰ੍ਹਾਂ ਫੱਟੜ ਕਰ ਦਿੱਤਾ ਸੂ ਵਿਚਾਰੇ ਨੂੰ। ਉਹਦਾ ਤਾਂ ਇਹ ਹਿਸਾਬ ਆ ਕਿ ਸਿਰ 'ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ।

ਠੇਕੇਦਾਰ : ਤੂੰ ਵੀ ਜਥੇਦਾਰ ਇਸ ਖੱਚ ਪਿਛੇ ਤੁਰ ਪਿਆ ਏ-ਪਹਿਲਾਂ ਗੱਲ ਪੁਛੀਦੀ ਕਿ ਹੋਇਆ ਕੀ ਏ ? ਭਲਾ ਲਾਲ ਜੀ ਨੂੰ ਕੀ ਲੋੜ ਸੀ ਜੋ ਇਹਨੂੰ ਐਵੇਂ ਮਾਰਦਾ ?

ਭਗਤ : ਨਾ ਮੈਂ ਉਹ ਨੂੰ ਕੀ ਕਿਹਾ ਸੀ ?

ਠੇਕੇਦਾਰ : ਤੂੰ ਉਹਨੂੰ ਗਾਲ੍ਹ ਨਹੀਂ ਕੱਢੀ ਸੀ ?

ਭਗਤ : ਉਹਨੇ ਮੇਰਾ ਝੱਗਾ ਕਿਉਂ ਖਿੱਚ ਕੇ ਪਾੜਿਆ ਸੀ ?

ਠੇਕੇਦਾਰ : ਝੱਗਾ ਤੇਰਾ ਬੜਾ ਨਵਾਂ ਸੀ ?

ਭਗਤ : ਫੇਰ ਤੂੰ ਮੈਨੂੰ ਨਵਾਂ ਲੈ ਦੇ।

ਠੇਕੇਦਾਰ : ਲੈ ਦਿਆਂਗਾ।

ਭਗਤ : ਨਾ ਮੈਂ ਨਹੀਂ ਲੈਂਦਾ ਤੇਰੇ ਕੋਲੋਂ।

ਠੇਕੇਦਾਰ : ਅੱਛਾ ਜਾ ਬਾਬਾ।

ਭਗਤ : ਨਹੀਂ ਜਾਂਦਾ ਮੈਂ ਕਿਸੇ ਦੇ ਪੇ ਦੀ ਜ਼ਮੀਨ ਤੇ ਨਹੀਂ ਖਲੋਤਾ।

ਬਾਬਾ : ਚਲ ਉਏ ਭਗਤਾ, ਤੇਰੇ ਹਲਦੀ ਬੰਨਦਾਂ।

ਠੇਕੇਦਾਰ : ਆਹੋ ਲੈ ਜਾ ਵੱਡੇ ਨਵਾਬ ਨੂੰ, ਸਾਰੀ ਕੁਤੀੜ ਵਿਗਾੜੀ ਹੋਈ ਏ।

ਭਗਤ : ਤੂੰ ਆਪਣੀ ਕੁਤੀੜ ਸੰਭਾਲ, ਜਿਹੜੀ ਲੋਕਾਂ ਨੂੰ ਵੱਟੇ ਮਾਰਦੀ ਫਿਰਦੀ ਏ।

ਬਾਬਾ : ਹਲਾ ਭਗਤਾ, ਚੁੱਪ ਕਰ ਜਾ–

ਭਗਤ : ਕਰ ਜਾਂਦਾ ਆ–ਪਹਿਲੇ ਇਹਨੂੰ ਆਖੋ ਆਪਣੀ ਕੁਤੀੜ ਸਾਂਭੇ।

*(ਭਗਤ ਬਹਿ ਜਾਂਦਾ ਹੈ, ਜਥੇਦਾਰ ਤੁਰਨ ਲਗਦਾ ਹੈ)*

ਠੇਕੇਦਾਰ : ਪਰ ਜਥੇਦਾਰਾਂ ਤੂੰ ਹੁਣ ਤੁਰ ਕਿਥੇ ਪਿਆ ਏਂ, ਬੈਠ ਤਾਂ ਸਹੀ, ਤੁਹਾਡੇ ਸਾਰਿਆਂ ਨਾਲ ਸਲਾਹ ਕਰਨੀ ਏ।

ਕੁੰਦਨ : ਕਾਹਦੀ ਸਲਾਹ ਠੇਕੇਦਾਰਾ ?

ਠੇਕੇਦਾਰ : ਮੈਂ ਆਖਿਆ ਐਤਕੀ ਗੁਰਪੁਰਬ ਆਪਾਂ ਸ਼ਾਨ ਨਾਲ ਮਨਾਉਣਾ ਏਂ, ਪੈਸਾ ਸਾਰੇ ਪਿੰਡ ਕੋਲੋਂ 'ਕੱਠਾ ਕਰ ਲੈਣਾ ਏ।

ਕੁੰਦਨ : ਇਹ ਤੇ ਠੀਕ ਏ ? ਗੁਰਪੁਰਬ ਸ਼ਾਨ ਨਾਲ ਹੀ ਮਨਾਈਏ–ਨਾਲੇ ਇੰਝ ਨਾ ਕਰੀਏ ਬਾਹਰ ਇਕ ਵਰਾਂਡਾ ਹੋਰ ਪਾ ਦੇਈਏ, ਮੁੰਡੇ ਕਹਿੰਦੇ ਨੇ ਲਾਇਬ੍ਰੇਰੀ ਬਨਾਉਣੀ ਏ–ਗੁਰਪੁਰਬ ਵਾਲੇ ਦਿਨ ਉਹਦਾ ਉਦਘਾਟਨ ਕਰ ਦੇਈਏ।

ਠੇਕੇਦਾਰ : ਤੇਰੀ ਹੋਸ਼ ਨੂੰ ਕੀ ਹੋ ਗਿਆ ਏ ਕੁੰਦਨ ?

ਬਾਬਾ : ਨਾ ਲਾਇਬ੍ਰੇਰੀ ਬਨਾਉਣੀ ਕੋਈ ਮਾੜੀ ਏ ?

ਠੇਕੇਦਾਰ : ਮੁੰਡੇ ਤਾਂ ਜਥੇਦਾਰਾਂ, ਪਹਿਲਾਂ ਈ ਆਫ਼ਰੇ ਫਿਰਦੇ ਨੇ, ਕੋਈ ਵੱਡਿਆਂ ਦੀ ਇੱਜ਼ਤ ਨਹੀਂ, ਲੈਬਰੇਰੀ ਖੋਲਾਂਗੇ। ਹੋਰ ਹੋਰ ਕਿਤਾਬਾਂ ਪੜ੍ਹਣਗੇ, ਹੋਰ ਮਛਰਨਗੇ।

ਬਾਬਾ : ਨਾ ਬਚਨ ਸਿਆਂ, ਕੁਝ ਤਾਂ ਸ਼ੋਹਦੇ ਬੜੇ ਹੀ ਸਿਆਣੇ ਨੇ, ਗੁੱਸਾ ਨਾ ਕਰੀਂ, ਸਾਰੇ ਤੇਰੇ ਲਾਲ ਜੀ ਵਰਗੇ ਨਹੀਂ।

ਠੇਕੇਦਾਰ : ਮੇਰੀ ਗੱਲ ਤਾਂ ਸੁਣ ਜਥੇਦਾਰਾ ! ਮੁੰਡੇ ਤਾਂ ਸਿਰਫ਼ ਭੜਥੂ ਪਾਉਣਾ ਹੀ ਜਾਣਦੇ ਨੇ, ਇਨ੍ਹਾਂ ਨੂੰ ਕੀ ਪਤਾ ਸਰਕਾਰੇ ਦਰਬਾਰੇ ਕਿੰਝ ਕੋਮ ਹੁੰਦਾ ਏ–ਮੈਂ ਤਾਂ ਸਕੀਮ ਬਣਾਈ ਏ ਕਿ ਵੱਡਾ ਜਲਸਾ ਇੱਥੇ ਰੱਖੀਏ। ਐਮ. ਐਲ. ਏ. ਨੂੰ ਪ੍ਰਧਾਨ ਬਣਾਈਏ ਉਹ ਅੱਗੋਂ ਕਿਸੇ ਵਜ਼ੀਰ ਨੂੰ ਬੁਲਾਵੇ, ਵਜ਼ੀਰ ਆਪੇ ਪਿੰਡ ਲਈ ਕੁਝ ਦੇ ਜਾਊ (ਬਾਬਾ ਉੱਠ ਪੈਂਦਾ ਹੈ) ਨਾ ਜਥੇਦਾਰਾ ਤੂੰ ਤੁਰ ਕਿੱਥੇ ਪਿਆ ਏਂ ?

ਬਾਬਾ : ਬਚਨ ਸਿਆਂ, ਮੈਂ ਤਾਂ ਗੁਰਪੁਰਬ ਦੀ ਗੱਲ ਸੁਣਕੇ ਖਲੋ ਗਿਆ ਸਾਂ, ਤੂੰ ਵਿਚ ਵੱਡੇ ਵਜ਼ੀਰ ਲਿਆ ਵਾੜ ਦਿੱਤੇ, ਮੈਂ ਖਲੋ ਕੇ ਕੀ ਕਰਾਂ ?ਚਲ ਉਏ ਭਗਤਾ ਮੇਰੇ ਨਾਲ।

ਭਗਤ : ਨਾ ਮੈਂ ਨਾ ਇਥੇ ਰਹੂੰ–ਵਜ਼ੀਰ ਆਊ ਜਲਸਾ ਹੋਊ ਵਾਜੇ ਵਜਣਗੇ– ਤੂੰ ਠੂੰੜ–ਤਵੇ ਲਗਣਗੇ, ਬਾਬਾ ਵੇ ਕਲਾ ਮਰੋੜ ਇਸ ਤਰ੍ਹਾਂ ਬਾਬੇ ਦਾ ਗੁਰਪੁਰਬ ਮਨਾਇਆ ਜਾਊ–ਬੜਾ ਮਜ਼ਾ ਆਊ।

ਠੇਕੇਦਾਰ : ਚੁੱਪ ਕਰ ਉਏ।

ਭਗਤ : ਨਹੀਂ ਕਰਦਾ ਫੇਰ।

ਠੇਕੇਦਾਰ : ਜਥੇਦਾਰਾ ਇਕ ਮਿੰਟ ਤਾਂ ਖਲੋ, ਸਾਰੀ ਗੱਲ ਤਾਂ ਸੁਣ, ਹਾਂ ਤਾਂ ਕੁੰਦਨ ਸਿਆਂ ਫੇਰ ਕੀ ਸਲਾਹ ਏ ਤੇਰੀ ?

ਕੁੰਦਨ : ਤੁਸੀਂ ਠੇਕੇਦਾਰਾ, ਜਿਸ ਤਰ੍ਹਾਂ ਮਰਜ਼ੀ ਹੈ ਕਰ ਲੋ– ਹਾਂ ਆਪਾਂ ਇੰਝ ਕਿਉਂ ਨਾ ਕਰ ਲਈਏ, ਲੈਬਰੇਰੀ ਦਾ ਉਦਘਾਟਨ ਵਜ਼ੀਰ ਕੋਲੋਂ ਕਰਵਾ ਲਈਏ, ਮੁੰਡਿਆਂ ਦੀ ਵੀ ਰਹਿ ਜਾਵੇਗੀ।

ਠੇਕੇਦਾਰ : ਤੂੰ ਮੁੰਡਿਆਂ ਦੀ ਗੱਲ ਨਾ ਕਰ ਕੁੰਦਨ ਸਿਆਂ–ਇਹ ਤਾਂ ਬਜ਼ੁਰਗ ਦੀ ਪੱਗ ਲਾਹੁਣ ਤੇ ਆਏ ਹੋਏ ਨੇ।

ਭਗਤ : ਬਜ਼ੁਰਗਾਂ ਨੂੰ ਚਾਹੀਦਾ ਪਹਿਲੇ ਹੀ ਲਾਹ ਕੇ ਕੱਛੇ ਮਾਰ ਲੈਣ, ਫੇਰ ਕੌਣ ਲਾਏਗਾ ?

ਠੇਕੇਦਾਰ : ਉਏ ਤੂੰ ਚੁੱਪ ਕਰ ਜਾਹ।

ਭਗਤ : ਨਹੀਂ ਕਰਦਾ ਫੇਰ ?

ਕੁੰਦਨ : ਅਸਾਂ ਠੇਕੇਦਾਰਾ ਜਿਸ ਤਰ੍ਹਾਂ ਤੂ ਆਖੇਗਾ ਕਰ ਲਵਾਂਗੇ, ਅਸੀਂ ਤੇਰੇ ਸਹਾਰੇ ਥੋੜ੍ਹਾ ਆਂ ?

ਠੇਕੇਦਾਰ : ਆਹੋ ਇਹ ਕੰਮ ਤਾਂ ਸਾਰਿਆਂ ਦਾ ਸਾਂਝਾ ਏ, ਜਥੇਦਾਰ ਜੀ ਤੁਸੀਂ ਵੀ ਸਾਥ ਦੇਣਾ ਏ। ਮੈਂ ਤਾਂ ਪਿੰਡ ਦੇ ਭਲੇ ਦੀ ਗੱਲ ਕਰਨੀ। ਉਠੋ ਕੀ ਹੋਇਆ ? ਚੱਲ ਉਏ ਭਗਤਾਂ ਤੈਨੂੰ ਲੱਸੀ ਪਿਆਵਾਂ।

ਭਗਤ : ਨਹੀਂ ਪੀਊਂਗਾ, ਪਹਿਲੇ ਮਾਰਦੇ ਨੇ, ਫੇਰ ਲੱਸੀ ਪਿਆਉਂਦੇ ਨੇ।

*(ਠੇਕੇਦਾਰ ਜਾਂਦਾ ਹੈ)*

ਬਾਬਾ : ਕੁੰਦਨ ਸਿਆਂ–ਇਹ ਠੇਕੇਦਾਰ ਮੈਨੂੰ ਚੰਗਾ ਬੰਦਾ ਨਹੀਂ ਲਗਦਾ। ਮੁੰਡਾ ਇਹਦਾ ਇਹਦੇ ਕਾਬੂ ਵਿਚ ਨਹੀਂ। ਇਹਨੇ ਭਲਾ ਪਿੰਡ ਦਾ ਕੀ ਸਵਾਰਨਾ ਹੋਇਆ ?ਜਿਹੜਾ ਆਪਣਾ ਘਰ ਨਹੀਂ ਸਵਾਰ ਸਕਦਾ। ਸੁਣਿਐ ਅਗਲੀ ਵਾਰ ਐਮ. ਐਲ. ਏ. ਬਨਣਾ ਚਾਹੁੰਦਾ ਏ।

ਕੁੰਦਨ : ਠੀਕ ਈ ਸੁਣਦੈ ਤਾਇਆ, ਹੋਰ ਐਵੇਂ ਤਾਂ ਨਹੀਂ ਇਹ ਵਡੇ ਵਜ਼ੀਰਾਂ ਦੀ ਗੱਲ ਕਰਦੈ।

ਭਗਤ : ਆਹੋ ਅੱਗੇ ਪਿੰਡ ਦਾ ਬੜਾ ਸਵਾਰ ਦਿੱਤਾ ਏ ਹੁਣ ਇਲਾਕੇ ਵਿਚ ਪੂਰੀਆਂ ਪਾਊ।

*(ਭਗਤ ਤੁਰ ਪੈਂਦਾ ਹੈ)*

ਬਾਬਾ : ਠੀਕ ਹੀ ਕਹਿੰਦਾ ਏ ਭਗਤ–ਹੁਣ ਤੁਰ ਕਿੱਥੇ ਪਿਆ ਏ।

ਭਗਤ : ਉਹ ਉਧਰ ਗਿਐ, ਮੈਂ ਇਧਰੋਂ ਜਾ ਕੇ ਉਹਦੀ ਕੰਧ ਉਹਲੇ ਮੂੰਤੂ–ਪਤੰਦਰ ਕੀ ਯਾਦ ਕਰੇਗਾ ਵੱਡਾ ਐਮ. ਐਲ. ਏ.–

ਬਾਬਾ : ਉਏ ਫੇਰ ਮੇਰੇ ਕੋਲ ਆਈ ਤੈਨੂੰ ਪੱਟੀ ਬੰਨ੍ਹਾਂਗੇ।

*(ਭਗਤ ਜਾਂਦਾ ਹੈ)*

ਬਾਬਾ : (ਜਾਂਦੇ ਹੋਏ ਮੁੜ ਕੇ) ਹਾਂ ਤਾਂ ਕੁੰਦਨ ਸਿਆਂ, ਜਿੰਦੇ ਨੂੰ ਪੜ੍ਹਾਈ ਤੋਂ ਨਹੀਂ ਉਠਾਉਣਾ ਇਹ ਮੇਰੀ ਗੱਲ ਪੱਲੇ ਬੰਨ੍ਹ ਲੈ।

ਕੁੰਦਨ : ਹੁਣ ਤਾਏ ਨੂੰ ਕੀ ਦੱਸਾਂ, ਬਸੰਤੀ ਦੀ ਇਸ ਨਿਸ਼ਾਨੀ ਤੇ ਮੇਰੀਆਂ ਕੀ–ਕੀ ਉਮੀਦਾਂ ਹਨ।

*(ਹੌਲੇ-ਹੌਲੇ ਫੇਡ ਆਊਟ)*

## ਝਾਕੀ ਦੂਜੀ

ਕੁੰਦਨ : ਲੈ ਕਾਨਫਰੰਸ ਤਾਂ ਤੁਹਾਡੀ ਗਈ ਏ ਮੁੱਕ ਹੁਣ ਅੱਗੋਂ ਕੀ ਕਰਨ ਦਾ ਇਰਾਦਾ ਏ ?

ਜਿੰਦਾ : ਅਸੀਂ ਤਾਂ ਬਾਪੂ ਜੀ ਕੱਲਾ ਮੁੱਢ ਹੀ ਬੰਨ੍ਹਿਆਂ ਅੱਗੋਂ ਤਾਂ ਜੋ ਤੁਸੀਂ ਆਖੋਗੇ ਉਹ ਕਰਾਂਗੇ, ਏ ਤੁਸੀਂ ਦੱਸੋ ਕੀ ਕਰੀਏ ?

ਕੁੰਦਨ : ਮੈਂ ਕੀ ਦੱਸਾਂ ?

ਜਿੰਦਾ : ਕਿਉਂ ਤੁਹਾਨੂੰ ਸਭ ਕੁਝ ਠੀਕ ਹੀ ਚਲਦਾ ਦਿੱਸਦਾ ਏ ? ਕੁਝ ਐਸਾ ਨਹੀਂ ਦਿੱਸਦਾ, ਜੋ ਤੁਸੀਂ ਸਮਝੋਂ ਕਿ ਗ਼ਲਤ ਏ ? ਕੁਝ ਐਸਾ ਨਹੀਂ ਜੋ ਬਦਲਣਾ ਚਾਹੀਦਾ ਏ ?

ਕੁੰਦਨ : ਠੀਕ ਇਥੇ ਕੀ ਏ ? ਹਰ ਗੱਲ ਤਾਂ ਗ਼ਲਤ ਏ–ਅਸੀਂ ਜੋ ਥੋੜ੍ਹੀ ਜ਼ਮੀਨ ਵਾਲੇ ਜਾਂ ਹੋਰ ਸਾਡੇ ਵਰਗੇ ਗ਼ਰੀਬ ਕਿਸਾਨ ਹਨ, ਸਾਡਾ ਜੀਣਾ ਵੀ ਕੋਈ ਜੀਣਾ ਏ ?

ਜਿੰਦਾ : ਫੇਰ ਇਹ ਜੀਣਾ ਕਿਵੇਂ ਠੀਕ ਹੋਵੇਗਾ ਬਾਪੂ ਜੀ ?

ਕੁੰਦਨ : ਮੈਨੂੰ ਕੀ ਪਤਾ ?

ਜਿੰਦਾ : ਬਾਪੂ ਜੀ ਤੁਹਾਨੂੰ ਪਤਾ ਹੋਣਾ ਚਾਹੀਦਾ ਏ ਕਿਉਂਕਿ ਤੁਹਾਡੀ ਫ਼ਸਲ ਮੰਡੀਆਂ ਵਿਚ ਰੁਲਦੀ ਏ ? ਕਿਉਂ ਰੋਜ਼ ਤੇਲ ਦਾ ਭਾਅ ਚੜ੍ਹਦਾ ਏ ? ਕਿਉਂ ਬੀਬੀ ਉਮਰ ਭੋਗਣ ਤੋਂ ਪਹਿਲਾਂ ਹੀ ਸਾਨੂੰ ਛੱਡ ਗਈ ?ਇਸ ਲਈ ਕਿ ਇਸ ਨਿਜਾਮ ਵਿਚ ਕੁਝ ਵੀ ਗ਼ਰੀਬ ਆਦਮੀ ਦੀ ਸਹੂਲਤ ਲਈ ਨਹੀਂ। ਹਰ ਇਕ ਸਹੂਲਤ ਪੈਸੇ ਵਾਲੇ ਕੋਲ ਹੈ ?

ਕੁੰਦਨ : ਇਸ ਵਿਚ ਕੀ ਸ਼ੱਕ ਏ ? ਕਾਕਾ ਤੇਰੀ ਬੀਬੀ ਨੇ ਪਹਿਲੇ ਤਾਂ ਕੁਝ ਦੱਸਿਆ ਹੀ ਨਾ ਜਦੋਂ ਜਾ ਕੇ ਸ਼ਹਿਰ ਹਸਪਤਾਲ ਵਿਖਾਇਆ ਤਾਂ ਡਾਕਟਰ ਕਹਿਣ ਲੱਗਾ ਕਿ ਪਹਿਲੇ ਆਉਂਦੇ। ਕੁਝ ਕਰ ਵੀ ਲੈਂਦਾ, ਹੁਣ ਤਾਂ ਬੀਮਾਰੀ ਵੱਧ ਗਈ ਏ।

ਜਿੰਦਾ : ਪਹਿਲਾਂ ਤਾਂ ਹੀ ਜਾਂਦੇ ਜੇਕਰ ਬਿਮਾਰੀ ਦਾ ਕੁਝ ਪਤਾ ਹੁੰਦਾ-ਬੀਬੀ ਇਥੇ ਨੀਮ ਹਕੀਮਾਂ ਦੇ ਟੋਟਕੇ ਕਰਦੀ ਰਹੀ-ਸਾਧਾਂ ਕੋਲੋਂ ਚੁਟਕੀ ਲਿਆਉਂਦੀ ਰਹੀ, ਜੇ ਇਥੇ ਸਾਡੇ ਪਿੰਡ ਵੀ ਕੋਈ ਡਾਕਟਰ ਹੁੰਦਾ, ਕੋਈ ਹਸਪਤਾਲ ਹੁੰਦਾ ਤਾਂ ਪਹਿਲਾ ਸਭ ਪਤਾ ਲੱਗ ਜਾਂਦਾ। ਪਰ ਇਥੇ ਕੀ ਏ ਕੁਝ ਵੀ ਨਹੀਂ...ਕੁਝ ਵੀ ਨਹੀਂ।

ਕੁੰਦਨ : ਤੇਰੀ ਮਾਂ ਦੇ ਜਾਣ ਨਾਲ ਘਰ ਹੀ ਪੁੱਠਾ ਪੈ ਗਿਆ ਏ...ਅੱਛਾ ਛੱਡ ਇਨ੍ਹਾਂ ਗੱਲਾਂ ਨੂੰ, ਮੈਂ ਦੋ ਗੁੱਲੀਆਂ ਲਾਹ ਲਵਾਂ-ਉਤੋਂ ਦੇਰ ਹੋਈ ਜਾਂਦੀ ਏ।

ਕੁੰਦਨ : ਉਏ ਤੈਨੂੰ ਕਿੰਨੀ ਵਾਰ ਕਿਹਾ ਏ ਕਿ ਤੂੰ ਨਾ ਪਕਾਇਆ ਕਰ।

ਜਿੰਦਾ : ਮੈਂ ਨਹੀਂ ਪਕਾਈ, ਛਿੰਦੋ ਪਕਾ ਗਈ ਏ।

ਕੁੰਦਨ : ਉਹ ਕਿਉਂ ਪਕਾ ਗਈ ਏ ?

ਜਿੰਦਾ : ਮੈਨੂੰ ਕੀ ਪਤਾ ਤਾਇਆ ਜੀ ਨੇ ਕਿਹਾ ਹੋਣਾ ਏ ਕਿਤਾਬ ਦੇਣ ਆਈ ਤਾਂ ਪਕਾ ਗਈ।

ਕੁੰਦਨ : ਤੂੰ ਉਹਨੂੰ ਕਿਉਂ ਪਕਾਉਣ ਦਿੱਤੀ ?

ਜਿੰਦਾ : ਜੇ ਉਹ ਕਹਿੰਦੀ ਮੈਂ ਪਕਾਉਣੀ ਏ, ਤਾਂ ਮੈਂ ਬਾਹੋਂ ਥੋੜ੍ਹੇ ਫੜ ਲੈਣੀ ਸੀ ?

ਕੁੰਦਨ : ਬਾਂਹ ਥੋੜੇ ਫੜ ਲੈਣੀ ਸੀ (ਬਦਲ ਕੇ) ਜੇ ਬਾਂਹ ਫੜ ਲਵੇਂ ਤਾਂ ਚੰਗਾ ਹੀ ਹੋਵੇ।

ਜਿੰਦਾ : ਬਾਪੂ ਜੀ।

ਕੁੰਦਨ : ਗੁੱਸੇ ਕਿਉਂ ਹੁੰਦਾ ਏ ਜੇ ਆਖੇ ਤਾਂ ਮੈਂ ਤਾਏ ਹੋਰਾਂ ਨਾਲ ਗੱਲ ਕਰਾਂ।

ਜਿੰਦਾ : ਹਾਲੀਂ ਨਹੀਂ ਬਾਪੂ।

ਕੁੰਦਨ : ਆਹੋ ਹਾਲੀਂ ਨਹੀਂ-ਹਾਲੀਂ ਤੂੰ ਬੜੇ ਕਿਲੇ ਫਤਿਹ ਕਰਨੇ ਨੇ

*(ਬਾਬਾ ਬਾਹਰੋਂ ਹੀ ਬੋਲਦਾ ਆਉਂਦਾ ਹੈ)*

ਬਾਬਾ : ਲੈ ਕਿਲਾ ਫਤਿਹ ਹੋ ਗਿਆ ਕਿ-

ਕੁੰਦਨ : ਤਾਇਆ ਕਿਹੜਾ ਕਿਲਾ ਫਤਿਹ ਹੋ ਗਿਆ ?

ਬਾਬਾ : ਸਾਡੇ ਰਾਜੂ ਮਾਸਟਰ ਦੀ ਮਾਸਟਰਨੀ ਵਾਲਾ।

ਕੁੰਦਨ : ਮਾਸਟਰਨੀ ਵਾਲਾ ?

ਬਾਬਾ : ਆਹੋ-ਮੈਂ ਕਦੋਂ ਦਾ ਪਿਆ ਕਹਿੰਦਾ ਸਾਂ ਕਿ ਛਿੰਦੋ ਹੁਣ ਨਾਨਕੇ

ਰਹਿ ਕੇ ਹੀ ਪੜ੍ਹੇਗੀ–ਉਹਦੇ ਵੱਡੇ ਮਾਮੇ ਤੇ ਮਾਮੀਆਂ ਤਾਂ ਇਕ ਦਮ ਮੰਨ ਗਈਆਂ। ਪਰ ਇਹ ਮਾਸਟਰਨੀ ਹੀ ਔਖੀ ਸੀ ਤੇ ਕੁੰਦਨ ਗਿਆ ਤੁਹਾਡੀ ਨਿੱਕੀ ਭਰਜਾਈ–ਪਰ ਆਪਣੇ ਆਪ ਨੂੰ ਕੋਈ ਅਲੋਕਾਰ ਹੀ ਸਮਝਦੀ ਏ–

ਕੁੰਦਨ : ਪਰ ਨੂੰਹ ਤਾਂ ਤਾਇਆ ਤੇਰੀ ਹੀ ਏ ਨਾ।

ਬਾਬਾ : ਉਏ ਕੁੰਦਨ ਸਿਆਂ, ਅਸੀਂ ਇਸ ਖੂੰਡੇ ਨਾਲ ਬੜਿਆਂ–ਬੜਿਆਂ ਨੂੰ ਤੀਰ ਕਰ ਦਿੱਤਾ, ਪਰ ਇਹ ਤਾਂ ਜਦੋਂ ਦੀ ਆਈ ਏ, ਇਹਨੇ ਸਾਨੂੰ ਤੀਰ ਕਰ ਦਿੱਤਾ ਏ–ਪਤਾ ਨਹੀਂ ਗੁਮਾਨ ਕਿਸ ਗੱਲ ਦਾ ਏ ? ਅੱਗੋਂ ਟੱਕਰ ਗਿਆ ਝੁੱਡੂ ਉਹਨੂੰ ਮਾਸਟਰ ਰਾਜੂ।

ਕੁੰਦਨ : ਤਾਇਆ ਪੜ੍ਹੀ ਲਿਖੀ ਏ, ਪੜ੍ਹਾਉਂਦੀ ਏ ਆਪਣੀ ਕਮਾਈ ਕਰਦੀ ਏ।

ਬਾਬਾ : ਅਸੀ ਉਹਦੀ ਕਮਾਈ ਨੂੰ ਕੀ ਕਰੀਏ ? ਜੇ ਹਰ ਵੇਲੇ ਘਰ ਵਿਚ ਕੋਈ ਨਾ ਕੋਈ ਕਲੇਸ਼ ਹੀ ਖੜ੍ਹਾ ਕਰੀ ਰੱਖੇ–ਲੈ ਅੱਜ ਦੀ ਸੁਣ, ਅੱਜ ਇਸ ਗੱਲ ਦਾ ਕਲੇਸ਼ ਕਿ ਉਹਦਾ ਸਾਬਨ ਕਿਸੇ ਨੇ ਕਿਉਂ ਵਰਤਿਆ ? ਬਈ ਖ਼ੁਸ਼ਬੋਈ ਵਾਲਾ ਸਾਬਨ ਸੀ, ਕਿਸੇ ਨਿਆਣੇ ਨੇ ਵਰਤ ਲਿਆ ਹੋਣਾ ਏ–ਹੁਣ ਉਹਦੇ ਦੋ ਟੱਕਿਆਂ ਦੇ ਸਾਬਨ ਪਿੱਛੇ ਉਹਦੀਆਂ ਜਿਠਾਣੀਆਂ ਨੇ ਬਾਲ ਨੁਹਾਉਣੇ ਤੇ ਬੱਦ ਨਹੀਂ ਕਰ ਦੇਣੇ।

ਕੁੰਦਨ : ਪਰ ਤਾਇਆ ਉਹ ਛਿੰਦੋ ਦੇ ਇਥੇ ਪੜ੍ਹਣ ਤੇ ਕਿਉਂ ਔਖੀ ਸੀ ?

ਬਾਬਾ : ਕਿਉਂਕਿ ਉਹਦੀ ਘਰ ਵਿਚ ਪੜ੍ਹਤ ਜੋ ਆਕੀ ਜਾਂਦੀ ਸੀ, ਅੱਗੇ ਤਾਂ ਨਿਆਣੇ ਕਦੀ ਕਦੀ ਸਕੂਲ ਦਾ ਕੰਮ ਕਰਨ ਵੇਲੇ ਉਹਦੇ ਕੋਲ ਕੁਝ ਪੁੱਛ ਲੈਂਦੇ ਸਨ,ਪਰ ਜਦੋਂ ਦੀ ਛਿੰਦੋ ਆਈ ਏ, ਨਿਆਣੇ ਛਿੰਦੋ ਦੇ ਆਲੇ–ਦੁਆਲੇ ਹੀ ਰਹਿੰਦੇ ਨੇ ਤੇ ਇਸੇ ਗੱਲ ਦਾ ਉਸਨੂੰ ਗੁੱਸਾ ਏ–ਅਖੇ ਮਾਸਟਰਨੀ ਤਾਂ ਮੈਂ, ਤੇ ਨਿਆਣੇ ਜਾਂਦੇ ਨੇ ਛਿੰਦੋ ਕੋਲ–ਬਈ ਨਿਆਣੇ ਤਾਂ ਹੁੰਦੇ ਨੇ ਪਿਆਰ ਦੇ ਭੁੱਖੇ, ਜਿਹੜਾ ਉਨ੍ਹਾਂ ਨਾਲ ਪਿਆਰ ਕਰੇਗਾ, ਉਹਦੇ ਕੋਲ ਹੀ ਜਾਣਗੇ–ਜੇ ਉਂਝ ਕੋਈ ਸੂਈ ਕੁੱਤੀ ਵਾਂਗ ਝਈਆ ਲੈਂਦਾ ਰਹੇ ਤਾਂ ਉਥੇ ਕੀ ਜਾਵਣ ਪਰ ਅੱਜ ਕਿਲਾ ਫਤਿਹ ਹੋ ਗਿਆ।

ਕੁੰਦਨ : ਉਹ ਕਿਸ ਤਰ੍ਹਾਂ ?

ਬਾਬਾ : ਆਪਣੇ ਸਕੂਲੋਂ ਪਰਚੇ ਲਿਆਈ ਸੀ ਵੇਖਣ, ਉਹ ਛਿੰਦੋ ਨੇ ਖ਼ੁਦ ਵੇਖ ਲਏ ਤੇ ਨੰਬਰ ਵੀ ਲਾ ਦਿੱਤੇ–ਕਹਿਣ ਲੱਗੀ ਛਿੰਦੋ ਬੜੀ ਸਿਆਣੀ ਏ, ਬਾਪੂ ਜੀ ਇਹ ਇਥੇ ਹੀ ਰਵੇ–

ਕੁੰਦਨ : ਲੈ ਫੇਰ ਤਾਂ ਗਰਜ ਕਰਕੇ ਹੀ ਆਖਿਆ–

ਬਾਬਾ : ਤੇ ਹੋਰ ਕੀ ? ਕੁੰਦਨ ਸਿਆਂ, ਮੈਨੂੰ ਮਾਸਟਰਨੀ ਦਾ ਹਿਰਖ ਨਹੀਂ, ਹਿਰਖ ਤਾਂ ਆਪਣੇ ਮਾਸਟਰ ਰਾਜੂ 'ਤੇ ਵੇ, ਜਿਹੜਾ ਸਭ ਕੁਝ ਵਿੰਹਦਾ ਹੋਇਆ ਵੀ ਉਹਦੇ ਸਾਹਮਣੇ ਮੂਗ ਬਣ ਕੇ ਬਹਿ ਰਹਿੰਦਾ ਏ।

ਕੁੰਦਨ : ਤਾਇਆ ਤੈਨੂੰ ਪਤੈ ਕਈ ਮੂੰਹ ਜ਼ੋਰ ਜ਼ਨਾਨੀਆਂ ਬੰਦੇ ਦੀ ਕੋਈ ਪੇਸ਼ ਜਾਣ ਦੇਂਦੀਆਂ ਨੇ ?ਤੂੰ ਹੀ ਦਸ ਤੂੰ ਕਦੀ ਸਾਡੀ ਤਾਈ ਦੀ ਗੱਲ ਮੋੜੀ ਸੀ ?

ਬਾਬਾ : ਤੂੰ ਤਾਂ ਮਖੌਲਾਂ ਕਰਨਾ ਏ ਕੁੰਦਨ ਸਿਆਂ–ਤੇਰੀ ਤਾਈ ਵਰਗਾ ਕੋਈ ਹੋ ਸਕਦੈ ? ਹਰ ਔਖੇ ਕੰਮ ਵਿਚ ਮੇਰਾ ਸਾਥ ਦੇਂਦੀ ਸੀ। ਗੁਰੂ ਕੇ ਬਾਗ ਦੇ ਮੋਰਚੇ 'ਤੇ ਮੇਰੇ ਨਾਲ ਗਈ, ਮੇਰੇ ਨਾਲ ਲਾਠੀਆਂ ਖਾਧੀਆਂ। (ਮੁੜਕੇ) ਉਏ ਜਿੰਦੇ ਪੁੱਤ ਅਖ਼ਬਾਰ ਪੜ੍ਹੀ ਜਾਂਦਾ ਏ, ਮੈਨੂੰ ਵੀ ਕੋਈ ਖ਼ਬਰ ਦੱਸ ਅੱਜ ਦੀ।

ਜਿੰਦਾ : ਤਾਇਆ ਜੀ, ਖ਼ਬਰਾਂ ਤਾਂ ਸਾਰੀਆਂ ਕੱਲ੍ਹ ਵਰਗੀਆਂ ਨੇ, ਚੋਰ ਬਜ਼ਾਰੀ ਦੀਆਂ, ਭ੍ਰਿਸ਼ਟਾਚਾਰੀ ਦੀਆਂ,ਉਧਾਲੇ ਦੀਆਂ, ਭੁੱਖਿਆਂ ਦੀਆਂ, ਨੰਗਿਆਂ ਦੀਆਂ ਪਰ ਗੁਰੂ ਕੇ ਬਾਗ ਦਾ ਮੋਰਚਾ ਹਾਲੇ ਕਿਧਰੇ ਨਹੀਂ ਲੱਗਿਆ ?

ਬਾਬਾ : ਪੁੱਤਾ ਮੋਰਚਾ ਵੀ ਲੱਗ ਜਾਏਗਾ ? ਇਹ ਜਿਹੜੀ ਸਰਕਾਰੇ ਦਰਬਾਰੇ ਅੰਨ੍ਹੀ ਹੋਈ ਪਈ ਏ, ਇਹ ਮੋਰਚੇ ਲੱਗਣ ਵਾਲੀ ਗੱਲ ਹੀ ਬਣਦੀ ਪਈ ਏ–ਫਰੰਗੀਆਂ ਵੀ ਇੰਝ ਹੀ ਅੱਤ ਚੁੱਕੀ ਸੀ, ਜਦੋਂ ਮੋਰਚੇ ਲੱਗੇ ਸੀ।

ਜਿੰਦਾ : ਪਰ ਤਾਇਆ ਜੀ, ਹੁਣ ਮੋਰਚੇ ਇਹੋ ਜਿਹੇ ਨਹੀਂ ਲਗਣੇ ਕਿ ਡਾਗਾਂ ਖਾਓ ਤੇ ਘਰ ਆ ਜਾਓ।

ਬਾਬਾ : ਲੈ ਪੁੱਤਾ ਇਹ ਤਾਂ ਸਭ ਕੁਝ ਸਮੇਂ ਦੀ ਲੋੜ ਅਨੁਸਾਰ ਹੀ ਹੁੰਦਾ ਏ ਤੇ ਸਮੇਂ ਸਾਰੇ ਇਕੋ ਜਿਹੇ ਨਹੀਂ ਹੁੰਦੇ, ਤੂੰ ਆਪਣੇ ਬਾਪੂ ਕੋਲੋਂ ਉਹਦੇ ਬਾਬੇ ਮੀਹਾਂ ਸਿੰਘ ਬੱਬਰ ਦੀ ਵਾਰਤਾ ਨਹੀਂ ਸੁਣੀ ?

ਜਿੰਦਾ : ਨਹੀਂ ਤਾਂ!

ਬਾਬਾ : ਇਹ ਕੁੰਦਨ ਸਿਆਂ ਤੂੰ ਮਾੜਾ ਕੀਤੈ, ਅਕਸਰ ਬੰਦਿਆਂ ਨੂੰ ਆਪਣੇ ਵੱਡੇ ਵਡੇਰਿਆਂ ਦੀਆਂ ਗੱਲਾਂ ਤਾਂ ਪਤਾ ਹੋਣੀਆਂ ਚਾਹੀਦੀਆਂ ਨੇ।

ਜਿੰਦਾ : ਤਾਇਆ ਜੀ ਕੀ ਬਾਬਾ ਜੀ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਸਨ ?

ਬਾਬਾ : ਹਾ ਪੁੱਤਾ, ਪਰ ਉਹ ਪੁਲਿਸ ਮੁਕਾਬਲਾ ਆਖਰੀ ਪੁਲਸ ਮੁਕਾਬਲਾ

ਸੀ, ਹੁਣ ਵਾਕੁਣ ਨਹੀਂ ਕਿ ਬੰਦਾ ਬੰਨ੍ਹ ਕੇ ਮਾਰ ਦਿਉ ਤੇ ਫੇਰ 'ਖ਼ਬਾਰਾਂ 'ਚ ਖ਼ਬਰ ਦੇ ਦਿਉ ਕਿ ਮੁਕਾਬਲੇ ਵਿਚ ਮਾਰਿਆ ਗਿਆ–ਪਰ ਤੂੰ ਕਿਹੜੀ ਸੋਚ ਵਿਚ ਪੈ ਗਿਆ ਏ ?

ਜਿੰਦਾ : ਨਹੀਂ ਕੁਝ ਨਹੀਂ ਤਾਇਆ ਜੀ...ਅੱਛਾ ਬਾਪੂ ਇਹ ਕਿਤਾਬ ਮੈਂ ਤੇਜੇ ਹੋਰਾਂ ਦੇ ਦੇ ਆਵਾਂ, ਹੁਣੇ ਆਇਆ।

ਕੁੰਦਨ : ਹਲਾ ਜਲਦੀ ਆ ਜਾਈਂ।

*(ਚਲਾ ਜਾਂਦਾ ਹੈ)*

ਕੁੰਦਨ :ਤਾਇਆ, ਏਸੇ ਲਈ ਤਾਂ ਮੈਂ ਇਸ ਨੂੰ ਕੋਈ ਗੱਲ ਦੱਸਦਾ ਨਹੀਂ ਅੱਗੇ ਹੀ ਪਤਾ ਨਹੀਂ ਕੀ ਅੱਗ ਸਮੋਈ ਬੈਠਾ ਏ ਆਪਣੇ ਦਿਲ ਵਿਚ...

ਬਾਬਾ : ਇਹ ਅੱਗ ਮਾਉਣੀ ਵੀ ਕਿਸੇ ਕਿਸੇ ਦਾ ਕੰਮ ਹੁੰਦਾ ਹੈ। ਇਕ ਇਹ ਵੇ ਜਿਹੜਾ ਲੋਕਾਂ ਦੇ ਦੁੱਖ ਆਪਣੇ ਵਿਚ ਸਮੋਈ ਫਿਰਦਾ ਏ ਤੇ ਇਹ ਮੇਰਾ ਮਾਸਟਰ ਰਾਜੂ ਜਿਹੜਾ ਵਹੁਟੀ ਦੀ ਬੁੱਕਲ ਵਿਚ ਹੀ ਸਮੋਇਆ ਹੋਇਆ ਏ–ਪੜ੍ਹ ਲਿਖ ਕੇ ਸਭ ਗੁੰਹ ਕਰ ਦਿੱਤਾ–ਹਾਂ ਕੁੰਦਨ ਸਿਆਂ ਇਕੋ ਗੱਲ ਤੇਰੇ ਨਾਲ ਕਰਨੀ ਏ, ਪਹਿਲਾਂ ਤਾ ਝੁਕਦਾ ਹੀ ਰਿਹਾ–

ਕੁੰਦਨ : ਕੀ ਗੱਲ ਤਾਇਆ ?

ਬਾਬਾ : ਪੁੱਤ ਛਿੰਦੋ ਨੇ ਗੱਲਾਂ ਗੱਲਾਂ ਵਿਚ ਜਤਲਾਇਆ ਏ ਤੇ ਮੈਂ ਵੀ ਸਮਝਦਾ ਹਾਂ...ਅੱਗੋਂ ਤੂੰ ਆਪ ਸਮਝ ਲੈ–ਜਿੰਦਾ ਤਾਂ ਛਿੰਦੋ ਇਕੋ ਦੂਜੇ ਨੂੰ ਬਚਪਨ ਤੋਂ ਜਾਣਦੇ ਨੇ...ਨਾਨਕੇ ਹੀ ਤਾਂ ਉਹ ਜੰਮੀ ਪਲੀ ਏ।

ਕੁੰਦਨ : ਤਾਇਆ ਮੈਨੂੰ ਪਤਾ ਏ, ਜਿਹੜੀ ਤੂੰ ਗੱਲ ਕਰਨੀ ਏ...ਗੱਲ ਵੀ ਮੇਰੇ ਦਿਲ ਦੀ ਪਰ ਜਿੰਦੇ ਦਾ ਜਿਹੜਾ ਇਰਾਦਾ ਬਣ ਗਿਆ ਏ ਤੇਰਾ ਕੀ ਖ਼ਿਆਲ ਏ ਕਿ ਇਸ ਹਾਲਾਤ ਵਿਚ ਛਿੰਦੋ ਖ਼ੁਸ਼ ਰਹਿ ਜਾਵੇਗੀ ?

ਬਾਬਾ : ਸਾਡੇ ਬੰਦਿਆਂ ਦਾ ਨੁਕਸ ਹੀ ਇਹੋ ਏ ਕੁੰਦਨ ਸਿਆਂ ਕਿ ਅਸੀਂ ਆਪਣੇ ਆਪ ਨੂੰ ਬੜੇ ਸੂਰਮੇ ਸਮਝਦੇ ਹਾਂ ਤੇ ਸਦਾ ਹੀ ਇਹੋ ਖ਼ਿਆਲ ਕਰਦੇ ਹਾਂ ਕਿ ਤੀਵੀਆਂ ਸਾਡੇ ਰਸਤੇ ਦੀ ਰੁਕਾਵਟ ਹੀ ਹੋਣਗੀਆਂ– ਮੈਂ ਵੀ ਇਹੋ ਸਮਝਦਾ ਸਾਂ, ਪਰ ਤੇਰੀ ਤਾਈ ਨੇ ਜਿਸ ਬਹਾਦਰੀ ਨਾਲ ਹਰ ਮੋਰਚੇ 'ਤੇ ਮੇਰਾ ਸਾਥ ਦਿੱਤਾ–ਸਾਡੀਆਂ ਤੀਵੀਆਂ ਦੇ ਹੌਸਲੇ ਕੋਈ ਘੱਟ ਨਹੀਂ–ਸਾਰੇ ਮਾਸਟਰ ਰਾਜੂ ਦੀ ਮਾਸਟਰਨੀ ਵਰਗੀਆਂ ਨਹੀਂ।

ਕੁੰਦਨ : ਤਾਇਆ, ਜਿਸ ਤਰ੍ਹਾਂ ਆਖੋਗੇ ਹੋ ਜਾਏਗਾ ਜਿੰਦੇ 'ਤੇ ਮੇਰੇ ਨਾਲੋਂ ਤੁਹਾਡਾ ਬਹੁਤਾ ਹੱਕ ਏ–

*(ਭਗਤ ਬਾਹਰੋਂ ਰੌਲਾ ਪਾਉਂਦਾ ਆਉਂਦਾ ਏ)*

ਭਗਤ : ਆ ਜੀ, ਬੜਾ ਮਜਾ ਆਇਆ, ਆ ਕੇ ਦੇਖੋ ਕੀ ਹੋਇਐ ?

ਕੁੰਦਨ : ਕੀ ਹੋਇਐ ?

ਭਗਤ : ਦਸਦਾ ਵਾਂ ਕੀ ਹੋਇਐ ? ਪਿਆ ਏ ਲਾਲ ਜੀ ਰੜੇ ਮੈਦਾਨ।

ਬਾਬਾ : ਰੜੇ ਮੈਦਾਨ !

ਭਗਤ : ਆਹੋ ਮੈਂ ਖੂਹ 'ਤੇ ਬੈਠਾ ਸਾਂ–ਲਾਲ ਜੀ ਤੇ ਜਿੰਦੇ ਦੀ ਲੜਾਈ ਹੋ ਗਈ–ਲਾਲ ਜੀ ਨੇ ਛਿੰਦੋ ਨੂੰ ਕੁਝ ਆਖਿਆ ਸੀ।

ਬਾਬਾ : ਆਪਣੀ ਛਿੰਦੋ ਨੂੰ ?

ਭਗਤ : ਉਹ ਸੈਕਲ 'ਤੇ ਪਈ ਆਉਂਦੀ ਸੀ ਲਾਲ ਜੀ ਨੇ ਸੈਕਲ ਦਾ ਰਸਤਾ ਰੋਕ ਲਿਆ–ਮੈਂ ਚੀਕ ਦੀ 'ਵਾਜ਼ ਸੁਣੀ, ਦੌੜਿਐ ਗਿਐ–ਤੇ ਦੇਖਿਐ ਜਿੰਦਾ ਲਾਲ ਜੀ ਨੂੰ ਲਲਕਾਰ ਰਿਹਾ ਸੀ।

ਕੁੰਦਨ : ਜਿੰਦਾ ?

ਭਗਤ : ਆਹੋ ਆਪਣਾ ਸੂਰਮਾ ਜਿੰਦਾ–ਲਾਲ ਜੀ ਨੇ ਚਾਕੂ ਕੱਢ ਲਿਐ, ਪਰ ਜਿੰਦੇ ਨੇ ਚੀਤੇ ਵਾਂਗ ਛਾਲ ਮਾਰ ਕੇ ਉਸ ਨੂੰ ਥੱਲੇ ਸੁੱਟ ਲਿਐ, ਉਹ ਮਾਰਿਆ ਪਤੰਦਰ ਨੂੰ, ਉਹ ਮਾਰਿਐ, ਤੇ ਹੁਣ ਰੜੇ ਮੈਦਾਨ ਪਿਆ ਹੋਇਆ ਲੱਤ ਤੁੜਾ ਕੇ–ਸਾਰੇ ਲੋਕ ਉਥੇ 'ਕੱਠੇ ਹੋਏ ਨੇ।

ਬਾਬਾ : ਚਲ ਕੁੰਦਨ ਸਿਆਂ ਜਲਦੀ ਚਲੀਏ–ਹੋਰ ਕੋਈ ਉਨੀ ਇੱਕੀ ਨਾ ਹੋ ਜਾਏ।

*(ਦੋਨੋਂ ਜਾਂਦੇ ਹਨ)*

ਭਗਤ : ਉਨੀ ਇੱਕੀ ਕੀ ? ਪੂਰੀ ਇੱਕੀ ਹੋ ਗਈ ਏ–ਵੱਡਾ ਪਤੰਦਰ ਰੜੇ ਮੈਦਾਨ ਪਿਆ ਏ–ਮੈਨੂੰ ਮਾਰਦਾ ਸੀ–ਬੱਚੂ ਹੁਣ ਬੋਲ ਖਾ ? ਆਹੋ ਹੁਣ ਬੋਲ ਖਾ ?

*(ਫੇਡ ਆਊਟ)*

## ਝਾਕੀ ਤੀਜੀ

(ਠੇਕੇਦਾਰ ਬਚਨ ਸਿੰਘ ਕੁੰਦਨ ਸਿੰਘ ਨਾਲ ਗੱਲਬਾਤ ਕਰ ਜਿਹਾ ਹੈ)

ਠੇਕੇਦਾਰ : ਦੇਖ ਕੁੰਦਨ ਸਿਆਂ, ਸਾਡੀ ਤੁਹਾਡੇ ਨਾਲ ਦੁਸ਼ਮਣੀ ਕੋਈ ਨਹੀਂ, ਜਿੰਦਾ ਜੇਕਰ ਹੁਣ ਵੀ ਆਪਣੀਆਂ ਹਰਕਤਾਂ ਤੋਂ ਬਾਜ ਆ ਜਾਏ ਤਾਂ ਮੈਂ ਕੇਸ ਰਫ਼ਾ–ਦਫ਼ਾ ਕਰਵਾ ਸਕਦਾ ਆਂ।

ਕੁੰਦਨ : ਕਿਹੜੀਆਂ ਹਰਕਤਾਂ ਤੋਂ ਠੇਕੇਦਾਰਾਂ ?

ਠੇਕੇਦਾਰ : ਇਹੋ ਜਿਹੜਾ ਉਹਨੇ ਤੇ ਉਹਦੀ ਸਭਾ ਵਾਲਿਆਂ ਨੇ ਮੇਰੇ ਖ਼ਿਲਾਫ਼

ਪ੍ਰਚਾਰ ਸ਼ੁਰੂ ਕੀਤਾ ਹੋਇਆ ਕਿ ਬਚਨ ਸਿੰਘ ਜਦੋਂ ਦਾ ਸਰਪੰਚ ਬਣਿਆ ਏ ਪੰਚਾਇਤ ਦੇ ਫ਼ੰਡਾਂ ਵਿਚ ਹੇਰਾਫੇਰੀ ਹੋ ਗਈ ਏ।

ਕੁੰਦਨ : ਠੇਕੇਦਾਰਾਂ, ਇਸ ਵਿਚ ਗੱਲ ਗ਼ਲਤ ਤੇ ਕੋਈ ਨਹੀਂ ਪੈਸਾ ਤਾਂ ਏਧਰ ਉਧਰ ਖਾਧਾ ਹੀ ਗਿਆ ਏ।

ਠੇਕੇਦਾਰ : ਪਰ ਇਹਦੀ ਸਾਰੀ ਜ਼ਿੰਮੇਵਾਰੀ ਮੇਰੇ ਤੇ ਥੋੜ੍ਹੀ ਏ-ਹੋਰ ਵੀ ਪੰਚੈਤ ਮੈਂਬਰ ਉਨੇ ਹੀ ਜ਼ਿੰਮੇਵਾਰ ਨੇ-ਫੇਰ ਕਹਿੰਦੇ ਫਿਰਦੇ ਨੇ ਕਿ ਪਿੰਡ ਦੇ ਕੋਟੇ ਦਾ ਸੀਮੈਂਟ ਠੇਕੇਦਾਰ ਨੇ ਸ਼ਹਿਰ ਆਪਣੀ ਕੋਠੀ ਲਵਾ ਲਿਆ, ਭਲਾ ਮੈਂ ਸ਼ਹਿਰ ਪਿੰਡ ਦਾ ਸੀਮੈਂਟ ਹੀ ਲਗਵਾਉਣਾ ਸੀ।

ਕੁੰਦਨ : ਪਰ ਇਸ ਵਿਚ ਤਾਂ ਕੋਈ ਝੂਠ ਨਹੀਂ ਕਿ ਪਿਛਲਾ ਪੂਰਾ ਸਾਲ ਇਕ ਵੀ ਬੋਰੀ ਸੀਮੈਂਟ ਦੀ ਪਿੰਡ ਨਹੀਂ ਆਈ।

ਠੇਕੇਦਾਰ : ਇਸ ਵਿਚ ਮੇਰਾ ਕੀ ਕਸੂਰ ਏ, ਜੇ ਪਿਛੋਂ ਹੀ ਸੀਮੈਂਟ ਨਾ ਆਇਆ ਹੋਵੇ-ਬਾਕੀ ਜੇ ਸਰਕਾਰ ਕੋਲੋਂ ਮੈਂ ਕੋਈ ਸਹੂਲਤ ਲੈ ਵੀ ਲਈ ਏ ਤਾਂ ਸਰਕਾਰ ਦੇ ਬੁਤੇ ਵੀ ਸਾਰੇ ਮੈਂ ਹੀ ਸਾਰਨਾ ਹਾਂ ਕੋਈ ਸਰਕਾਰੀ ਬੰਦਾ ਪਿੰਡ ਆਵੇ, ਪੁਲਿਸ ਦਾ ਹੋਵੇ ਜਾਂ ਦੂਜਾ, ਉਹਦਾ ਸਾਰਾ ਖਾਣੇ ਪੀਣੇ ਦਾ ਇੰਤਜਾਮ ਵੀ ਤਾਂ ਮੇਰੇ ਸਿਰ ਹੁੰਦਾ ਏ।

ਕੁੰਦਨ : ਠੇਕੇਦਾਰਾ, ਉਹ ਆਉਂਦੇ ਹੀ ਤੇਰੇ ਬੁਲਾਏ ਨੇ-ਸਾਡੇ ਨਾਲ ਤਾਂ ਉਨ੍ਹਾਂ ਨੂੰ ਕੀ ਕੰਮ ? ਇਸ ਲਈ ਆਪਣੇ ਪ੍ਰਾਹੁਣਿਆਂ ਦੀ ਖ਼ਾਤਰਦਾਰੀ ਤੂੰ ਆਪ ਹੀ ਕਰਨੀ ਏ।

ਠੇਕੇਦਾਰ : ਮੇਰੇ ਕਾਹਦੇ ਪ੍ਰਾਹਣੇ ਨੇ, ਜੇ ਆਏ ਗਏ ਦੀ ਪੁੱਛ ਨਾ ਕਰੀਏ ਤਾਂ ਪਿੰਡ ਦੀ ਬਦਨਾਮੀ ਨਹੀਂ ਹੁੰਦੀ ?

ਕੁੰਦਨ : ਪਿੰਡ ਦੀ ਬਦਨਾਮੀ ਤਾਂ ਠੇਕੇਦਾਰ ਹੋਰ ਵੀ ਕਈਆਂ ਗੱਲਾਂ ਕਰਕੇ ਹੁੰਦੀ ਏ-ਤੇ ਮਤਲਬ ਦੀ ਗੱਲ ਕਰ ਕੇ ਚਾਹੁੰਦਾ ਕੀ ਏ ?

ਠੇਕੇਦਾਰ : ਇਹੋ ਕਿ ਜਿੰਦਾ ਭਰੀ ਪੰਚੈਤ ਵਿਚ ਲਾਲ ਜੀ ਕੋਲੋਂ ਮੁਆਫ਼ੀ ਮੰਗ ਲਵੇ ਤੇ ਅੱਗੇ ਲਈ ਮੇਰੇ ਬਰਖ਼ਲਾਫ਼ ਪ੍ਰਚਾਰ ਬੰਦ ਕਰ ਦੇਵੇ।

ਕੁੰਦਨ : ਇਹ ਨਹੀਂ ਹੋਣ ਲੱਗਾ ਠੇਕੇਦਾਰਾ, ਉਂਝ ਤੂੰ ਆਖੇ ਤਾਂ ਮੈਂ ਜਿੰਦੇ ਤੇ ਲਾਲ ਜੀ ਵਿਚ ਸੁਲਾਹ-ਸਫ਼ਾਈ ਕਰਾਉਣ ਵਿਚ ਆਪਣਾ ਹਿੱਸਾ ਪਾ ਸਕਦਾ ਹਾਂ। ਦੋਨੋਂ ਇਸ ਪਿੰਡ ਦੇ ਮੁੰਡੇ ਨੇ, ਇਕੱਠੇ ਪੜ੍ਹੇ-ਲਿਖੇ, ਮੈਂ ਵੀ ਚਾਹੁੰਦਾਂ ਕਿ ਪਿੰਡ ਐਵੇਂ ਧੂੜ ਨਾ ਉੱਡੇ ਜਾਂ ਵੈਰ ਵਿਰੋਧ ਵਧੇ। ਤਾਇਆ ਵੀ ਇਹੋ ਚਾਹੁੰਦਾ ਏ।

ਠੇਕੇਦਾਰ : ਤੂੰ ਤਾਏ ਦੀ ਗੱਲ ਛੱਡ-ਉਹਨੂੰ ਮੈਂ ਆਪੇ ਸਦਾ ਲਵਾਂਗਾ-ਉਹਦਾ ਮੁੰਡਾ ਮਾਸਟਰ ਰਾਜਿੰਦਰ ਸਿੰਘ ਮੈਂ ਹੀ ਨੌਕਰੀ ਲਵਾਇਆ ਸੀ-ਉਹਨੂੰ ਕੌਣ ਨੌਕਰੀ ਦੇਂਦਾ ਸੀ ਨਿਰ ਰਾਜੂ ਦਾ ਰਾਜੂ-ਤੂੰ ਜਿੰਦੇ ਦੀ

ਗੱਲ ਕਰ।

ਕੁੰਦਨ : ਬਚਨ ਸਿੰਘਾਂ, ਮੈਂ ਜਿੰਦੇ ਦੀ ਕੀ ਗੱਲ ਕਰਾਂ–ਮੁੰਡੇ ਦੀ ਆਪਣੀ ਅਕਲ ਏ ਤੇ ਮੈਂ ਉਹਨੂੰ ਕੁਝ ਨਹੀਂ ਕਹਿ ਸਕਦਾ।

ਠੇਕੇਦਾਰ : ਸੋਚ ਲੈ ਕੁੰਦਨ ਸਿਆਂ–

ਕੁੰਦਨ : ਸੋਚਿਆ ਹੋਇਆ ਏ ਸਭ ਕੁਝ–ਤੂੰ ਜੋ ਕੁਝ ਕਰਨਾ ਏ ਕਰ ਲੈ–ਇਕ ਪਾਸੇ ਤੇਰਾ ਮੁੰਡਾ ਗੁੰਡਿਆਂ ਦੀ ਢਾਣੀ ਬਣਾ ਕੇ ਲਲਕਾਰੇ ਮਾਰਦਾ ਏ–ਇਕ ਪਾਸੇ ਤੂੰ ਧਮਕੀਆਂ ਦੇਨਾ ਏ–ਆਖ਼ਰ ਤੁਸੀਂ ਲੱਗੇ ਕੀ ਹੋਏ ਹੋ–ਤੁਸੀਂ ਸਮਝਦੇ ਕੀ ਹੋ ਆਪਣੇ ਆਪ ਨੂੰ ?

*(ਉਠਦਿਆਂ ਹੋਇਆ)*

ਠੇਕੇਦਾਰ : ਉਹ ਤਾਂ ਫੇਰ ਦੱਸ ਦੇਵਾਂਗੇ।

ਕੁੰਦਨ : ਦੱਸ ਦੇਵੀਂ ਬਈ ਦੱਸ ਦੇਵੀਂ, ਅਗਲਿਆਂ ਨੇ ਚੂੜੀਆਂ ਨਹੀਂ ਪਾਈਆਂ ਹੋਈਆਂ।

ਠੇਕੇਦਾਰ : (ਜਾਂਦਾ ਹੋਇਆ) ਫੇਰ ਵੇਖ ਲਵਾਂਗੇ।

ਕੁੰਦਨ : ਵੇਖ ਲਵੀਂ ਬਈ ਵੇਖ ਲਵੀਂ।

*(ਬਚਨ ਸਿੰਘ ਜਾਂਦਾ ਹੈ)*

*(ਕੁੰਦਨ ਸਿੰਘ ਆਪਣੇ ਆਪ ਵਿਚ) ਜਿਹੜਾ ਵੀ ਆਉਂਦਾ ਏ ਬਸ ਚੜ੍ਹਿਆ ਹੀ ਆਉਂਦਾ ਏ।*

*(ਬਾਬਾ ਆਉਂਦਾ ਹੈ)*

ਬਾਬਾ : ਉਏ ਕੁੰਦਨ ਸਿੰਘ–ਇਹ ਠੇਕੇਦਾਰ ਤੇਰੇ ਘਰੋਂ ਗਿਆ ਏ ?

ਕੁੰਦਨ : ਆਹੋ ਤਾਇਆ !

ਬਾਬਾ : ਕੀ ਕਹਿੰਦਾ ਸੀ ?

ਕੁੰਦਨ : ਐਵੇਂ ਧਮਕੀਆਂ ਦੇਂਦਾ ਸੀ ਜਿੰਦੇ ਬਾਰੇ–ਅਖੇ ਜੇਕਰ ਲਾਲ ਜੀ ਕੋਲੋਂ ਮੁਆਫ਼ੀ ਮੰਗ ਲਏ ਤਾਂ ਕੇਸ ਰਫ਼ਾ–ਦਫ਼ਾ ਹੋ ਸਕਦਾ ਏ।

ਬਾਬਾ : ਮੁਆਫ਼ੀ ਮੰਗ ਲਵੇ ? ਇਹਦੇ ਸਿਰ ਸਿਵਾਹ ਨਾ ਪਾਏ ? ਲਾਲ ਜੀ ਕਿਉਂ ਨਾ ਮੰਗੇ ? ਬਾਕੀ ਤੂੰ ਕੇਸ ਦਾ ਫ਼ਿਕਰ ਨਾ ਕਰ–ਤੇਰੇ ਭਰਾ ਕਹਿੰਦੇ ਸੀ ਕਿ ਗੱਜ–ਵੱਜ ਕੇ ਮੁਕੱਦਮਾ ਲੜਾਂਗੇ।

ਕੁੰਦਨ : ਪਰ ਠੇਕੇਦਾਰ ਤਾਂ ਕਹਿੰਦਾ ਸੀ ਕਿ ਮਾਸਟਰ ਰਾਜਿੰਦਰ ਸਿੰਘ...

ਬਾਬਾ : ਉਏ ਤੂੰ ਮਾਸਟਰ ਰਾਜੂ ਦੀ ਗੱਲ ਨਾ ਕਰ ਪੁੱਤਰ ਤਾਂ ਭਾਵੇਂ ਉਹ ਮੇਰਾ ਹੀ ਏ–ਪਰ ਉਹ ਕੋਈ ਬੰਦਾ ਏ–ਠੇਕੇਦਾਰ ਨੇ ਉਹਨੂੰ ਲਾਰਾ ਦਿੱਤਾ ਏ ਕਿ ਉਹ ਡੀ. ਈ. ਓ. ਨੂੰ ਆਖ ਕੇ ਮਾਸਟਰਨੀ ਨੂੰ ਵੀ ਮਾਸਟਰ ਵਾਲੇ ਸਕੂਲ ਲਗਵਾ ਦੇਵਾਂਗਾ। ਅੱਗੇ ਵੀ ਇਹਨਾਂ ਇਹੋ

ਕੁਝ ਕਰਨਾ ਏ–ਬਾਲ ਤਾਂ ਫੇਰ ਪੜ੍ਹ ਗਏ–ਬਾਕੀ ਪੁੱਤਾ ਤੂੰ ਜ਼ਰਾ ਚੌਕੰਨਾ ਰਹੀ, ਲੁੱਚਿਆਂ ਦਾ ਪਤਾ ਨਹੀਂ ਹੁੰਦਾ–ਨਾਲੇ ਹਨੇਰੇ ਸਵੇਰੇ ਬਾਹਰੋਂ ਨਿਕਲੇ ਤਾਂ ਹਥਿਆਰ ਬਿਨਾਂ ਨਾ ਨਿਕਲਣਾ।

ਕੁੰਦਨ : ਤੂੰ ਤਾਇਆ ਮੇਰਾ ਫ਼ਿਕਰ ਨਾ ਕਰੀਂ।

ਬਾਬਾ : ਸੁਣਿਐ ਠੇਕੇਦਾਰ ਦੇ ਰੋਜ਼ ਬੈਠਕ ਲਗਦੀ ਏ ਲੱਭੂ ਬਲੈਕੀਆ, ਜੀਤਾ ਦੋਧੀ ਤੇ ਹੋਰ ਲਾਗਲੇ ਪਿੰਡ ਦੇ ਬਦਨਾਮ–ਪਤਾ ਨਹੀਂ ਕੀ ਵਿਉਂਤ ਬਣਾਉਂਦੇ ਰਹਿੰਦੇ ਨੇ ?

ਕੁੰਦਨ : ਵਿਉਂਤ ਇਹੋ ਜਿਹੜੀ ਠੇਕੇਦਾਰ ਆਪਣੇ ਮੂੰਹੋਂ ਦਸ ਗਿਆ ਏ...ਪਰ ਤਾਇਆ ਮੈਂ ਵੀ ਬਾਬੇ ਮੀਹਾਂ ਸਿੰਘ ਦਾ ਪੋਤਰਾਂ ਹਾਂ, ਇਨ੍ਹਾਂ ਸਰਕਾਰੀਆਂ ਨੂੰ ਇਕ ਇਕ ਕਰਕੇ ਸਿੰਝ ਲਵਾਂਗਾ–ਨਾਲੇ ਉਝ ਵੀ ਤਾਇਆ ਮੈਨੂੰ ਕਾਹਦਾ ਫ਼ਿਕਰ ਏ, ਇਹ ਸਾਰਾ ਕੰਮ ਕਾਜ ਮੈਂ ਜਿੰਦੇ ਲਈ ਹੀ ਕਰਦਾ ਸਾਂ, ਤੇ ਹੁਣ ਜਦੋਂ ਜਿੰਦੇ ਨੇ ਆਪਣਾ ਰਾਹ ਚੁਣ ਹੀ ਲਿਆ ਤਾਂ ਮੈਂ ਵੀ ਕੁਝ ਸੁਰਖ਼ਰੂ ਮਹਿਸੂਸ ਕਰਦਾ ਹਾਂ–

ਬਾਬਾ : ਹਾ ਪੁੱਤਾ ਰਾਹਾਂ ਦਾ ਨਿਖੇੜ ਤਾਂ ਹੋ ਹੀ ਗਿਆ ਏ–ਇਕ ਜਿੰਦੇ ਹੋਰਾਂ ਵਾਲਾ ਤੇ ਇਕ ਠੇਕੇਦਾਰ ਬਚਨ ਸਿੰਘ ਵਾਲਾ–ਬਾਕੀ ਰਾਜੂ ਮਾਸਟਰ ਵਰਗਿਆਂ ਨੂੰ ਕੌਣ ਪੁੱਛਦਾ ਹੈ ? ਗਰਜ ਦੇ ਗੋਲੇ।

*(ਭਗਤ ਬਾਹਰੋਂ ਰੌਲਾ ਪਾਉਂਦਾ ਆਉਂਦਾ ਹੈ, ਇਕ ਲੱਤ 'ਤੇ ਲੰਙਾ ਕੇ ਤੁਰ ਰਿਹਾ ਹੈ)*

ਭਗਤ : ਹੁਣ ਮੈਂ ਇਕ ਟੰਗ ਤੇ ਖਲੋ ਕੇ ਕਸਮ ਖਾਂਦਾ ਹਾਂ ਕਿ ਮੈਂ ਕਿਸੇ ਦੀ ਧੀ ਭੈਣ ਨੂੰ ਨਹੀਂ ਛੇੜਾਂਗਾ। ਮੈਂ ਹੁਣ ਸਿੱਧਾ ਤੀਰ ਹੋ ਗਿਆ ਹਾਂ।

ਬਾਬਾ : ਉਏ ਭਗਤਾ ਤੈਨੂੰ ਕੀ ਹੋ ਗਿਆ ਏ ਚੰਗੇ ਭਲੇ ਨੂੰ ?

ਭਗਤ : ਮੈਨੂੰ ਨਹੀਂ ਹੋ ਗਿਆ, ਉਹਨੂੰ ਹੋ ਗਿਆ ਏ–ਤੁਰਿਆ ਫਿਰਦਾ ਏ ਇਕ ਲੱਤ 'ਤੇ–ਤੇ ਇਹਦਾ ਪਿਉ, ਉਹ ਵੱਡਾ ਠੇਕੇਦਾਰ, ਮੈਨੂੰ ਕਹਿੰਦਾ ਏ ਕਿ ਤੈਨੂੰ ਪਾਗ਼ਲਖ਼ਾਨੇ ਦਾਖ਼ਲ ਕਰਵਾ ਦੇਣਾ ਏ, ਅਖੇ ਤੂੰ ਲਾਲ ਜੀ ਨੂੰ ਛੇੜਦਾ ਏ। ਮੈਂ ਆਖਿਆ ਉਹ ਪਤੰਦਰ ਕੁੜੀਆਂ ਨੂੰ ਛੇੜਦਾ ਸੀ, ਮੈਂ ਉਹਨੂੰ ਛੇੜਾਂਗਾ।

ਕੁੰਦਨ : ਜੇ ਭਗਤਾ ਤੇਰੇ ਇਹੋ ਚਾਲੇ ਰਹੇ ਤਾਂ ਉਹਨੇ ਇਕ ਦਿਨ ਅੰਦਰ ਕਰਵਾ ਦੇਣਾ ਏ।

ਭਗਤ : ਲੁੱਟ ਪਈ ਏ ਮੈਨੂੰ ਡਕਵਾ ਦੇਣਾ ਏ ਉਹ ਮੈਨੂੰ ਡੱਕਣਗੇ, ਮੈਂ ਨੱਸ ਆਵਾਂਗਾ, ਹੋਰ ਕਹਿੰਦਾ ਸੀ, ਜਿੰਦੇ ਨਾਲ ਸਰਕਾਰ ਨਿਬੜੇਗੀ ਪਰ ਕੁੰਦਨ ਸਿੰਘ ਨਾਲ ਮੈਂ ਨਿਬੜਾਂਗਾ।

ਕੁੰਦਨ : ਨਿਬੜ ਲਏ ਬਈ ਨਿਬੜ ਲਏ, ਉਹ ਵੀ ਆਪਣਾ ਅਰਮਾਨ ਪੂਰਾ

ਕਰ ਲਏ।

ਭਗਤ : ਆਹ ਵੱਡਾ ਆਇਆ ਏ ਸਾਰਿਆਂ ਨਾਲ ਨਿਬੜ ਵਾਲਾ, ਬਾਈ ਉਹਦੀ ਵੀ ਲੱਤ ਭੰਨਦੇ, ਦੋਏ ਪਿਉ ਪੁੱਤ ਇਕੋ ਜਿਹੇ ਹੋ ਜਾਣੇ, ਫੇਰ ਬੜਾ ਮਜਾ ਆਏ।

ਬਾਬਾ : ਉਏ ਭਗਤਾ ਕਿਉਂ ਪਿੰਡ ਵਿਚ ਲੜਾਈ ਪਾਉਨਾ ਏ ?

ਕੁੰਦਨ : ਤਾਇਆ ਇਹ ਥੋੜਾ ਪਾਉਂਦਾ ਏ, ਭਾਜੀ ਤਾਂ ਹੁਣ ਪੈ ਗਈ ਏ।

ਭਗਤ : ਆਹੋ ਭਾਜੀ ਤਾਂ ਪੈ ਗਈ ਏ-ਤੁਰਿਆ ਫਿਰਦਾ ਇਕ ਲੱਤ 'ਤੇ।

ਬਾਬਾ : ਪਰ ਕੁੰਦਨ ਸਿੰਘ ਇਹ ਲੜਾਈ ਅਜੇ ਨਿੱਜ ਦੀ ਲੜਾਈ ਨਹੀਂ ਹੋਵੇਗੀ, ਪਿੰਡ ਦੀ ਇੱਜ਼ਤ ਵਾਲੀ ਲੜਾਈ ਬਨਾਉਣੀ ਏ-ਲੋਕੀਂ ਕਿਧਰੇ ਇਹ ਨਾ ਕਹਿਣ ਕਿ ਜਿੰਦੇ ਨੇ ਲਾਲ ਜੀ ਨਾਲ ਟੱਕਰ ਲਈ ਕਿਉਂਕਿ ਉਹ ਛਿੰਦੋ ਨੂੰ ਪਿਆਰ ਕਰਦਾ ਸੀ-ਠੇਕੇਦਾਰ ਤਾਂ ਅਜੇ ਵੀ ਹੀਰ ਰਾਂਝੇ ਦੇ ਕਿੱਸੇ ਪਿਆ ਬਣਾਉਂਦਾ ਏ।

ਭਗਤ : ਆਹੋ ਕੈਦੋਂ ਤਾਂ ਪਹਿਲੇ ਹੀ ਤੁਰਿਆ ਫਿਰਦਾ ਇਕ ਲੱਤ 'ਤੇ।

*(ਇੰਨੇ ਵਿਚ ਬਾਹਰੋਂ ਰੌਲਾ ਪੈਂਦਾ ਏ ਤੇ ਜਿੰਦਾ ਨੱਸਿਆ ਆਉਂਦਾ ਹੈ)*

ਬਾਬਾ : ਉਏ ਕੀ ਹੋਇਆ ?

ਜਿੰਦਾ : ਠੇਕੇਦਾਰ ਤੇ ਉਹਦੇ ਗੁੰਡੇ ਡਾਂਗਾਂ ਚੁੱਕੀ ਇਧਰ ਪਏ ਆਉਂਦੇ ਨੇ।

ਕੁੰਦਨ : ਤਾਂ ਫੇਰ ਆ ਜਾਣ।

ਬਾਬਾ : ਉਏ ਠਹਿਰ ਜਾਉ, ਮੈਂ ਦੇਖਦਾ ਹਾਂ ਬਾਹਰ ਜਾ ਕੇ।

*(ਬਾਹਰੋਂ ਲਲਕਾਰੇ ਦੀ ਆਵਾਜ਼ ਆਉਂਦੀ ਹੈ)*

"ਨਿਕਲ ਉਏ ਕੁੰਦਨ ਸਿੰਘ ਬਾਹਰ"
"ਵੇਖੀਏ ਤੈਨੂੰ ਵੱਡੇ ਸੂਰਮੇ ਨੂੰ"
"ਹੁਣ ਪੁੱਤਰ ਨੂੰ ਆਪਣੀ ਗੋਦ ਵਿਚ ਛੁਪਾ ਲਿਆ ਈ।"
"ਨਿਕਲ ਬਾਹਰ...

*(ਬੜਕ ਤੇ ਬੜਕ)*

ਭਗਤ : ਨਿਕਲਦੇ ਹਾਂ ਬਈ ਨਿਕਲਦੇ ਹਾਂ।

*(ਇਕ ਡਾਂਗ ਉਹ ਵੀ ਚੁੱਕਦਾ ਹੈ)*

ਕੁੰਦਨ ਸਿੰਘ : ਤਾਇਆ ਮੈਂ ਨਹੀਂ ਸਾਂ ਚਾਹੁੰਦਾ ਕਿ ਇਹ ਲੜਾਈ ਵਧੇ ਤੇ ਐਵੇਂ ਪਿੰਡ ਵਿਚ ਧੂੜ ਉੱਡੇ।

ਜਿੰਦਾ : ਨਹੀਂ ਬਾਪੂ, ਜਿੰਨਾ ਚਿਰ ਇਹ ਜ਼ਿੰਦਗੀ ਏ ਦੋਖੀ ਸਾਡੇ ਪਿੰਡ ਵਿਚ ਵਸਦੇ ਨੇ ਇਹ ਟੱਕਰ ਲੈਣੀ ਹੀ ਪਵੇਗੀ-ਇਹ ਧੂੜ ਉੱਡਦੀ

ਰਹੇਗੀ।

*(ਸਾਰੇ ਡਾਂਗਾਂ ਚੁੱਕ ਕੇ ਲੜਨ ਦੀ ਮੁਦਰਾ ਵਿਚ ਮੂਕ ਹੋ ਜਾਂਦੇ ਹਨ)*

ਬਾਬਾ : ਹਾਂ ਪੁੱਤਰੋ, ਜਦੋਂ ਤਕ ਨੇਕੀ ਅਤੇ ਬਦੀ ਦੀਆਂ ਦੋ ਧਿਰਾਂ ਰਹਿਣਗੀਆਂ ਇਹ ਧੂੜ ਉੱਡਦੀ ਹੀ ਰਹੇਗੀ।

*(ਉਹ ਵੀ ਡਾਂਗ ਚੁੱਕਦਾ ਹੈ)*

**-ਸਮਾਪਤ-**